Downloaded from https:// www.studiestoday.com

# ਪੰਜਾਬੀ ਭਾਸ਼ਾ–ਬੋਧ

(ਗਿਆਰ੍ਹਵੀਂ ਸ਼੍ਰੇਣੀ ਲਈ)

(ਸੋਧਿਆਂ ਸੰਸਕਰਨ)

**ਪੰਜਾਬ ਸਕੂਲ ਸਿੱਖਿਆ ਬੋਰਡ**

ਸਾਹਿਬਜ਼ਾਦਾ ਅਜੀਤ ਸਿੰਘ ਨਗਰ

Downloaded from https:// www.studiestoday.com

Downloaded from https:// www.studiestoday.com

© **ਪੰਜਾਬ ਸਰਕਾਰ**

**ਐਡੀਸ਼ਨ 2017 .................. 14,000 ਕਾਪੀਆਂ**

All rights, including those of translation, reproduction
and annotation etc., are reserved by the
Punjab Government.

**ਚੇਤਾਵਨੀ**

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ਼ ਪਾਠ-ਪੁਸਤਕਾਂ 'ਤੇ ਜਿਲਦਸਾਜ਼ੀ ਨਹੀਂ ਕਰ ਸਕਦਾ।(ਏਜੰਸੀ-ਹੋਲਡਰਾਂ ਨਾਲ਼ ਹੋਏ ਸਮਝੌਤੇ ਦੀ ਧਾਰਾ ਨੰ. 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਵਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਲ੍ਹੀ/ਨਕਲੀ ਪ੍ਰਕਾਸ਼ਨਾਂ (ਪਾਠ-ਪੁਸਤਕਾਂ) ਦੀ ਛਪਾਈ, ਪ੍ਰਕਾਸ਼ਨ, ਸਟਾਕ ਕਰਨਾ, ਜਮ੍ਹਾਖ਼ੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ ਪ੍ਰਨਾਲ਼ੀ ਦੇ ਅੰਤਰਗਤ ਫ਼ੌਜਦਾਰੀ ਜੁਰਮ ਹੈ।
(ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ-ਪੁਸਤਕਾਂ ਬੋਰਡ ਦੇ 'ਵਾਟਰ ਮਾਰਕ' ਵਾਲ਼ੇ ਕਾਗ਼ਜ਼ ਉੱਪਰ ਹੀ ਛਪਵਾਈਆਂ ਜਾਂਦੀਆਂ ਹਨ।)

**ਮੁੱਲ : 25.00 ਰੁਪਏ**

**ਸਕੱਤਰ,** ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062 ਵੱਲੋਂ ਪ੍ਰਕਾਸ਼ਿਤ ਅਤੇ ਮੈਸ. ਨਿਊ ਸਿਮਰਨ ਆੱਫਸੈਟ ਪ੍ਰਿੰਟਰਜ਼, ਜਲੰਧਰ ਦੁਆਰਾ ਛਾਪੀ ਗਈ।

Downloaded from https:// www.studiestoday.com

Downloaded from https:// www.studiestoday.com

# ਦੋ ਸ਼ਬਦ

ਪੰਜਾਬ ਸਕੂਲ ਸਿੱਖਿਆ ਬੋਰਡ, 1969 ਈ. ਤੋਂ ਹੋਂਦ ਵਿੱਚ ਆਉਣ ’ਤੇ ਹੀ ਸਕੂਲ ਸਿੱਖਿਆ ਨੂੰ ਉੱਚਾ ਚੁੱਕਣ ਲਈ, ਸਮੇਂ-ਸਮੇਂ, ਵੱਖ-ਵੱਖ ਵਿਸ਼ਿਆਂ ਦੇ ਪਾਠ-ਕ੍ਰਮਾਂ ਨੂੰ ਨਵਿਆ ਕੇ ਉਹਨਾਂ ਅਨੁਸਾਰ ਉੱਤਮ ਪਾਠ-ਪੁਸਤਕਾਂ ਤਿਆਰ ਕਰਨ ਦੇ ਉਪਰਾਲੇ ਕਰਦਾ ਰਿਹਾ ਹੈ। ਇਸੇ ਸਿਲਸਿਲੇ ਅਧੀਨ ਐੱਨ.ਸੀ.ਐੱਫ਼. 2005 ਅਤੇ ਪੀ.ਸੀ.ਐੱਫ਼ 2013 ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸੀਨੀਅਰ ਸੈਕੰਡਰੀ ਸ਼੍ਰੇਣੀਆਂ ਲਈ ਪੰਜਾਬੀ ਵਿਸ਼ੇ ਦੇ ਨਵੇਂ ਪਾਠ-ਕ੍ਰਮਾਂ ਦਾ ਨਿਰਮਾਣ ਕਰਕੇ ਲੋੜੀਂਦੀਆਂ ਪਾਠ-ਪੁਸਤਕਾਂ ਤਿਆਰ ਕੀਤੀਆਂ ਗਈਆਂ ਹਨ। ਪੰਜਾਬੀ ਭਾਸ਼ਾ, ਪੰਜਾਬੀ ਸਾਹਿਤ ਅਤੇ ਪੰਜਾਬੀ ਜੀਵਨ ਤੇ ਸੱਭਿਆਚਾਰ ਦੇ ਵਿਭਿੰਨ ਪੱਖਾਂ ਬਾਰੇ ਬੁਨਿਆਦੀ ਵਾਕਫ਼ੀਅਤ ਅਤੇ ਇਹਨਾਂ ਦੀ ਸਲਾਹੁਤਾ ਇਹਨਾਂ ਪਾਠ-ਪੁਸਤਕਾਂ ਦੀ ਸਾਂਝੀ ਸਿਫ਼ਤ ਹੈ।

ਇਹ ਪਾਠ-ਪੁਸਤਕ ‘ਸਾਹਿਤ-ਬੋਧ’ ਦਾ ਸੋਧਿਆ ਹੋਇਆ ਰੂਪ ਹੈ। ਹੁਣ, ਇਸ ਦਾ ਨਵਾਂ ਨਾਂ ‘ਪੰਜਾਬੀ ਭਾਸ਼ਾ-ਬੋਧ’ ਰੱਖਿਆ ਗਿਆ ਹੈ।

ਇਹ ਪਾਠ-ਪੁਸਤਕ ਉਹਨਾਂ ਵਿਦਿਆਰਥੀਆਂ ਲਈ ਹੈ ਜਿਨ੍ਹਾਂ ਨੇ ਪੰਜਾਬੀ ਨੂੰ ਚੋਣਵੇਂ ਵਿਸ਼ੇ ਵਜੋਂ ਲਿਆ ਹੈ। ਡਾ. ਪ੍ਰੇਮ ਪ੍ਰਕਾਸ਼ ਸਿੰਘ ਇਸ ਪਾਠ-ਪੁਸਤਕ ਦੇ ਲੇਖਕ ਹਨ। ਡਾ. ਪ੍ਰੇਮ ਪ੍ਰਕਾਸ਼ ਸਿੰਘ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਉੱਘੇ ਵਿਦਵਾਨ ਹਨ। ਮੈਂ ਉਹਨਾਂ ਦੇ ਬਹੁਮੁੱਲੇ ਯੋਗਦਾਨ ਲਈ ਹਾਰਦਿਕ ਧੰਨਵਾਦੀ ਹਾਂ ਕਿ ਉਹਨਾਂ ਨੇ ਇਹ ਪਾਠ-ਪੁਸਤਕ ਵਿਦਿਆਰਥੀਆਂ ਦੇ ਮਾਨਸਿਕ ਪੱਧਰ ਅਨੁਸਾਰ ਲਿਖੀ ਹੈ।

ਮੈਨੂੰ ਯਕੀਨ ਹੈ ਕਿ ਪੰਜਾਬੀ ਭਾਸ਼ਾ-ਬੋਧ ਪਾਠ-ਪੁਸਤਕ ਦੀ ਪਾਠ ਸਮਗਰੀ ਗਿਆਰ੍ਹਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਦੀਆਂ ਵਿੱਦਿਅਕ ਲੋੜਾਂ ਪੂਰੀਆਂ ਕਰੇਗੀ ਅਤੇ ਉਹਨਾਂ ਦਾ ਮਾਨਸਿਕ ਦਿਸ-ਹੱਦਾ ਵਿਸ਼ਾਲ ਹੋਵੇਗਾ।

ਪਾਠ-ਪੁਸਤਕ ਦੇ ਇਸ ਸੋਧੇ ਹੋਏ ਸੰਸਕਰਨ ਵਿੱਚ ਲੋੜੀਂਦੀਆਂ ਸੋਧਾਂ ਕੀਤੀਆਂ ਗਈਆਂ ਹਨ। ਵਿਦਿਆਰਥੀਆਂ ਦੀ ਸੌਖ ਲਈ ਗਿਆਰ੍ਹਵੀਂ ਸ਼੍ਰੇਣੀ ਚੋਣਵਾਂ ਵਿਸ਼ਾ ਪੰਜਾਬੀ ਦਾ ਪਾਠ-ਕ੍ਰਮ, ਪਰੀਖਿਆ ਦੀ ਦ੍ਰਿਸ਼ਟੀ ਤੋਂ ਵਿਸ਼ੇਸ਼ ਹਿਦਾਇਤਾਂ ਅਤੇ ਨਮੂਨੇ ਦਾ ਪ੍ਰਸ਼ਨ-ਪੱਤਰ ਪਾਠ-ਪੁਸਤਕ ਦੇ ਅੰਤ ਵਿੱਚ ਲਗਾਏ ਗਏ ਹਨ। ਇਸ ਨਾਲ਼ ਪਾਠ-ਪੁਸਤਕ ਦੀ ਉਪਯੋਗਤਾ ਵਿੱਚ ਵਾਧਾ ਹੋਵੇਗਾ।

ਇਹ ਵੀ ਉਮੀਦ ਕੀਤੀ ਜਾਂਦੀ ਹੈ ਕਿ ਇਸ ਪਾਠ-ਪੁਸਤਕ ਦਾ ਅਧਿਐਨ ਕਰਦਿਆਂ ਵਿਦਿਆਰਥੀਆਂ ਦੀ ਸਾਹਿਤਿਕ ਸੁਹਜ ਵੀ ਵਧੇਗੀ ਅਤੇ ਉਹ

Downloaded from https:// www.studiestoday.com

Downloaded from https:// www.studiestoday.com

ਪੰਜਾਬੀ ਭਾਸ਼ਾ, ਪੰਜਾਬੀ ਸਾਹਿਤ, ਪੰਜਾਬੀ ਜੀਵਨ ਅਤੇ ਪੰਜਾਬੀ ਸੱਭਿਆਚਾਰ ਦੇ ਵਿਭਿੰਨ ਪੱਖਾਂ ਦੀ ਵਡਿਆਈ ਵੀ ਕਰ ਸਕਣਗੇ। ਇਸ ਪੁਸਤਕ ਦੀ ਸੰਪਾਦਨਾ ਡਾਇਰੈਕਟਰ (ਅਕਾਦਮਿਕ) ਸ੍ਰੀਮਤੀ ਅਮਰੀਤਾ ਗਿੱਲ ਦੀ ਅਗਵਾਈ ਅਤੇ ਸ੍ਰੀਮਤੀ ਮਨਜੀਤ ਕੌਰ ਡਿਪਟੀ ਡਾਇਰੈਕਟਰ ਪੰਜਾਬੀ ਵਿਕਾਸ ਕੇਂਦਰ ਦੀ ਨਿਗਰਾਨੀ ਹੇਠ ਸ੍ਰੀਮਤੀ ਰਜਿੰਦਰ ਚੌਹਾਨ ਵੱਲੋਂ ਤਿਆਰ ਕੀਤੀ ਗਈ ਹੈ। ਇਸ ਪਾਠ-ਪੁਸਤਕ ਨੂੰ ਸੋਧਣ ਦਾ ਕੰਮ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਡਾ. ਰਜਿੰਦਰਪਾਲ ਸਿੰਘ ਬਰਾੜ ਵੱਲੋਂ ਕੀਤਾ ਗਿਆ।

ਕਿਸੇ ਪਾਠ-ਪੁਸਤਕ ਦੀ ਉੱਤਮਤਾ ਦੀ ਪਰਖ ਕਰਨ ਵਾਲ਼ੇ ਵਿਦਿਆਰਥੀ ਅਤੇ ਅਧਿਆਪਕ ਹੁੰਦੇ ਹਨ। ਮੈਨੂੰ ਉਮੀਦ ਹੈ ਕਿ ਇਸ ਪਾਠ-ਪੁਸਤਕ ਸੰਬੰਧੀ ਇਸ ਵਰਗ ਦੀ ਪ੍ਰਤਿਕਿਰਿਆ ਬੋਰਡ ਨੂੰ ਪ੍ਰਾਪਤ ਹੋਵੇਗੀ, ਜਿਸ ਦੀ ਲੋਅ ਵਿੱਚ ਇਸ ਪਾਠ-ਪੁਸਤਕ ਨੂੰ ਹੋਰ ਵੀ ਬਿਹਤਰ ਬਣਾਇਆ ਜਾ ਸਕੇਗਾ।

**ਚੇਅਰਮੈਨ**

**ਪੰਜਾਬ ਸਕੂਲ ਸਿੱਖਿਆ ਬੋਰਡ**

Downloaded from https:// www.studiestoday.com

Downloaded from https:// www.studiestoday.com

# ਵਿਸ਼ਾ-ਸੂਚੀ

**ਗਿਆਰ੍ਹਵੀਂ ਸ਼੍ਰੇਣੀ**


| | ਪੰਨਾ |
|---|---|
| ਭੂਮਿਕਾ | (vi) |
| **ਅਧਿਆਇ 1** | |
| ਪੰਜਾਬੀ ਭਾਸ਼ਾ | 1 |
| **ਅਧਿਆਇ 2** | |
| ਪੰਜਾਬੀ ਦੀਆਂ ਉਪਭਾਸ਼ਾਵਾਂ ਦੀ ਸ਼ਬਦਾਵਲੀ | 14 |
| **ਅਧਿਆਇ 3** | |
| ਗੁਰਮੁਖੀ ਲਿਪੀ | 37 |
| **ਪਾਠ-ਕ੍ਰਮ ਅਤੇ ਅੰਕ-ਵੰਡ** | 51 |
| **ਵਿਸ਼ੇਸ਼ ਹਿਦਾਇਤਾਂ** | |
| (ਅਧਿਆਪਕਾਂ, ਵਿਦਿਆਰਥੀਆਂ, ਪਰੀਖਿਅਕਾਂ ਅਤੇ ਪੇਪਰ ਸੈੱਟਰਾਂ ਲਈ) | |
| ਨਮੂਨੇ ਦਾ ਪ੍ਰਸ਼ਨ-ਪੱਤਰ | 54 |


Downloaded from https:// www.studiestoday.com

Downloaded from https:// www.studiestoday.com

# ਭੂਮਿਕਾ

ਹਥਲੀ ਪਾਠ-ਪੁਸਤਕ ਸੀਨੀਅਰ ਸੈਕੰਡਰੀ ਸ਼੍ਰੇਣੀ ਭਾਗ -1 (ਗਿਆਰ੍ਹਵੀਂ-ਸ਼੍ਰੇਣੀ) ਦੇ ਉਹਨਾਂ ਵਿਦਿਆਰਥੀਆਂ ਲਈ ਤਿਆਰ ਕਰਵਾਈ ਗਈ ਹੈ, ਜਿਨ੍ਹਾਂ ਨੇ ਪੰਜਾਬੀ ਨੂੰ ਇੱਕ ਚੋਣਵੇਂ ਵਿਸ਼ੇ ਵਜੋਂ ਅਪਣਾਇਆ ਹੈ। ਇਸ ਪਾਠ-ਪੁਸਤਕ ਵਿੱਚ ਪੰਜਾਬੀ ਭਾਸ਼ਾ, ਗੁਰਮੁਖੀ ਲਿਪੀ ਤੇ ਪੰਜਾਬੀ ਦੀਆਂ ਉਪ-ਭਾਸ਼ਾਵਾਂ ਬਾਰੇ ਮੁਢਲੀ ਜਾਣਕਾਰੀ ਦਿੱਤੀ ਗਈ ਹੈ ਤਾਂ ਕਿ ਵਿਦਿਆਰਥੀ ਸਾਹਿਤਕ ਅਧਿਐਨ ਦੀਆਂ ਉਚੇਰੀਆਂ ਸ਼੍ਰੇਣੀਆਂ ਵਿੱਚ ਇਹਨਾਂ ਬਾਰੇ ਹੋਰ ਗੰਭੀਰ ਅਧਿਐਨ ਕਰਨ ਦੇ ਯੋਗ ਹੋ ਸਕਣ।

'ਪੰਜਾਬੀ ਭਾਸ਼ਾ-ਬੋਧ' ਪਾਠ-ਪੁਸਤਕ ਵਿੱਚ ਤਿੰਨ ਅਧਿਆਇ ਹਨ। ਪਹਿਲੇ ਅਧਿਆਇ ਵਿੱਚ ਪੰਜਾਬੀ ਭਾਸ਼ਾ ਦੇ ਮਹੱਤਵ, ਖੇਤਰ, ਇਸ ਦੇ ਇਤਿਹਾਸ, ਪੰਜਾਬੀ ਭਾਸ਼ਾ ਦਾ ਗੁਆਂਢੀ ਬੋਲੀਆਂ ਨਾਲ਼ ਕੀ ਰਿਸ਼ਤਾ ਹੈ ? ਪੰਜਾਬੀ ਦੀਆਂ ਉਪਬੋਲੀਆਂ ਦੇ ਕਿਹੜੇ-ਕਿਹੜੇ ਖੇਤਰ ਹਨ ? ਅਤੇ ਪੰਜਾਬੀ ਉੱਤੇ ਬਾਕੀ ਬੋਲੀਆਂ ਦਾ ਕੀ ਅਸਰ ਪਿਆ ਹੈ ? ਬਾਰੇ ਵਿਚਾਰ ਕੀਤੀ ਗਈ ਹੈ।

ਦੂਜੇ ਅਧਿਆਇ ਵਿੱਚ ਪੰਜਾਬੀ ਦੀਆਂ ਉਪਭਾਸ਼ਾਵਾਂ ਦੀ ਸ਼ਬਦਾਵਲੀ ਬਾਰੇ ਚਰਚਾ ਕਰਦਿਆਂ ਉਪਭਾਸ਼ਾ ਦੀ ਪਛਾਣ, ਮਹੱਤਵ ਅਤੇ ਇਸ ਦੇ ਵਿਕਾਸ ਪੜਾਵਾਂ ਦਾ ਜ਼ਿਕਰ ਕੀਤਾ ਗਿਆ ਹੈ। ਇਸ ਅਧਿਆਇ ਵਿੱਚ ਉਪਭਾਸ਼ਾਵਾਂ ਦੀਆਂ ਵੇਰਵੇ ਸਹਿਤ ਵੰਨਗੀਆਂ ਵੀ ਪੇਸ਼ ਕੀਤੀਆਂ ਗਈਆਂ ਹਨ।

ਤੀਜੇ ਅਧਿਆਇ ਵਿੱਚ ਲਿਪੀ ਕੀ ਹੈ ? ਲਿਪੀ ਦਾ ਮਹੱਤਵ, ਪ੍ਰਾਚੀਨ ਲਿਪੀਆਂ ਬਾਰੇ ਜਾਣਕਾਰੀ, ਲਿਪੀ ਦਾ ਇਤਿਹਾਸ, ਵੱਖ-ਵੱਖ ਭਾਰਤੀ ਅਤੇ ਪੰਜਾਬੀ ਦੀਆਂ ਲਿਪੀਆਂ ਅਤੇ ਗੁਰਮੁਖੀ ਲਿਪੀ ਦੇ ਇਤਿਹਾਸ ਬਾਰੇ ਚਾਨਣਾ ਪਾਇਆ ਗਿਆ ਹੈ।

ਵਿਦਵਾਨ ਲੇਖਕ ਡਾ. ਪ੍ਰੇਮ ਪ੍ਰਕਾਸ਼ ਸਿੰਘ ਨੇ ਸਰਲ ਭਾਸ਼ਾ ਵਿੱਚ ਪੰਜਾਬੀ ਭਾਸ਼ਾ, ਗੁਰਮੁਖੀ ਲਿਪੀ ਤੇ ਪੰਜਾਬੀ ਦੀਆਂ ਉਪਭਾਸ਼ਾਵਾਂ ਪੋਠੋਹਾਰੀ, ਮੁਲਤਾਨੀ, ਮਾਝੀ, ਦੁਆਬੀ, ਮਲਵਈ, ਪੁਆਧੀ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਬੱਚਿਆਂ ਦੇ ਮਾਨਸਿਕ ਤੇ ਬੌਧਿਕ ਪੱਧਰ ਨੂੰ ਸਨਮੁਖ ਰੱਖਿਆ ਗਿਆ ਹੈ। ਵਿਦਿਆਰਥੀਆਂ ਦੀ ਸਹੂਲਤ ਲਈ ਅਸਾਂ ਇਸ ਪਾਠ-ਪੁਸਤਕ ਦੇ ਹਰ ਅਧਿਆਇ ਦੇ ਅੰਤ ਵਿੱਚ ਔਖੇ ਸ਼ਬਦਾਂ ਦੇ ਅਰਥ ਦੇਣ ਦਾ ਜਤਨ ਕੀਤਾ ਹੈ। ਉਮੀਦ ਹੈ ਵਿਦਿਆਰਥੀ ਇਸ ਤੋਂ ਲਾਭ ਉਠਾਉਣਗੇ।

ਆਸ ਕੀਤੀ ਜਾਂਦੀ ਹੈ ਇਸ ਪਾਠ-ਪੁਸਤਕ ਦਾ ਅਧਿਐਨ ਕਰਦਿਆਂ ਵਿਦਿਆਰਥੀਆਂ ਦੀ ਸਾਹਿਤਕ ਚੇਸ਼ਟਾ ਵਧੇਗੀ ਅਤੇ ਉਹ ਪੰਜਾਬੀ ਭਾਸ਼ਾ ਨੂੰ ਹੋਰ ਪ੍ਰਫੁਲਿਤ ਕਰਨ 'ਚ ਆਪਣਾ ਯੋਗਦਾਨ ਪਾ ਸਕਣਗੇ।

**ਰਜਿੰਦਰ ਚੌਹਾਨ**
ਵਿਸ਼ਾ ਮਾਹਰ
ਪੰਜਾਬੀ ਵਿਕਾਸ ਕੇਂਦਰ

Downloaded from https:// www.studiestoday.com

Downloaded from https:// www.studiestoday.com

Downloaded from https:// www.studiestoday.com

Downloaded from https:// www.studiestoday.com

## ਅਧਿਆਇ 1

# ਪੰਜਾਬੀ ਭਾਸ਼ਾ

### ਪੰਜਾਬੀ ਭਾਸ਼ਾ ਦਾ ਮਹੱਤਵ

ਪੰਜਾਬੀ, ਪੰਜਾਬ ਦੇ ਲੋਕਾਂ ਦੀ ਭਾਸ਼ਾ ਹੈ। ਪੰਜਾਬ ਦੇ ਲੋਕ ਆਪਣੇ ਪਰਿਵਾਰਾਂ ਘਰਾਂ, ਗਲ਼ੀਆਂ-ਮੁਹੱਲਿਆਂ ਅਤੇ ਸੱਥਾਂ-ਪਰ੍ਹਿਆਂ ਵਿੱਚ ਪੰਜਾਬੀ ਭਾਸ਼ਾ ਹੀ ਬੋਲਦੇ ਹਨ। ਸਾਨੂੰ ਮਾਂ ਦੇ ਦੁੱਧ ਨਾਲ਼ ਹੀ ਪੰਜਾਬੀ ਦੀ ਗੁੜ੍ਹਤੀ ਮਿਲ਼ਦੀ ਹੈ ਅਤੇ ਅਸੀਂ ਛੋਟੀ ਉਮਰ ਵਿੱਚ ਹੀ ਮਾਪਿਆਂ, ਭੈਣਾਂ-ਭਰਾਵਾਂ ਅਤੇ ਸ਼ਰੀਕੇ-ਕਬੀਲੇ ਦੇ ਬੰਦਿਆਂ ਤੋਂ ਪੰਜਾਬੀ ਬੋਲਣਾ ਤੇ ਸਮਝਣਾ ਸਿੱਖ ਲੈਂਦੇ ਹਾਂ। ਬਚਪਨ ਤੋਂ ਹੀ ਅਸੀਂ ਪੰਜਾਬੀ ਵਿੱਚ ਸੋਚਦੇ, ਗੱਲ-ਬਾਤ ਕਰਦੇ ਅਤੇ ਨਿਤਾਪ੍ਰਤਿ ਕਾਰ-ਵਿਹਾਰ ਨੂੰ ਚਲਾਉਂਦੇ ਰਹਿੰਦੇ ਹਾਂ। ਫੇਰ ਵੱਡੇ ਹੋ ਕੇ ਵੀ ਅਸੀਂ ਸਕੂਲਾਂ-ਕਾਲਜਾਂ ਵਿੱਚ ਪੰਜਾਬੀ ਦੇ ਸਹਾਰੇ ਵਿੱਦਿਆ ਗ੍ਰਹਿਣ ਕਰਦੇ ਹਾਂ। ਹੋਰ ਤਾਂ ਹੋਰ, ਸਾਡੀਆਂ ਰੀਤਾਂ ਤੇ ਰਸਮਾਂ, ਮੇਲੇ ਤੇ ਤਿਉਹਾਰ, ਮੰਨਤਾਂ ਤੇ ਮਨੌਤਾਂ, ਸਾਡਾ ਗੀਤ-ਸੰਗੀਤ, ਸਾਡੇ ਕਿੱਸੇ-ਕਹਾਣੀਆਂ ਸਾਰਾ ਕੁਝ ਪੰਜਾਬੀ ਦੇ ਆਸਰੇ ਹੀ ਪੂਰਾ ਹੁੰਦਾ ਹੈ। ਇਸ ਤੋਂ ਵੀ ਅੱਗੇ ਸਾਡੇ ਆਲ਼ੇ-ਦੁਆਲ਼ੇ ਅਤੇ ਦੂਰ-ਦੂਰ ਤੱਕ ਜੋ ਵੀ ਸੰਸਾਰ ਪਸਰਿਆ ਹੋਇਆ ਹੈ, ਉਸ ਨਾਲ਼ ਸਾਡੀ ਸਾਂਝ ਤੇ ਜਾਣ-ਪਛਾਣ ਪੰਜਾਬੀ ਰਾਹੀਂ ਹੀ ਹੁੰਦੀ ਹੈ। ਗੱਲ ਕੀ ਗ਼ੁੱਸੇ ਤੇ ਪਿਆਰ ਵਿੱਚ, ਰੋਣੇ ਤੇ ਹਾਸੇ ਵਿੱਚ, ਖ਼ੁਸ਼ੀ ਤੇ ਗ਼ਮੀ ਵਿੱਚ ਪੰਜਾਬੀ ਬੋਲੀ ਹੀ ਸਾਡਾ ਸਹਾਰਾ ਹੁੰਦੀ ਹੈ। ਜਦੋਂ ਅਸੀਂ ਪਹਿਲਾ ਕਦਮ ਚੁੱਕਦੇ ਹਾਂ, ਕੋਈ ਪੁਲਾਂਘ ਪੁੱਟਦੇ ਹਾਂ, ਖਾਂਦੇ-ਪੀਂਦੇ ਜਾਂ ਸੌਂਦੇ-ਜਾਗਦੇ ਹਾਂ, ਉਦੋਂ ਵੀ ਪੰਜਾਬੀ ਬੋਲੀ ਸਾਡੇ ਅੰਗ-ਸੰਗ ਹੁੰਦੀ ਹੈ। ਇਸ ਤਰ੍ਹਾਂ ਅਸੀਂ ਘਰ ਵਿੱਚ ਤੇ ਸਮਾਜ ਵਿੱਚ, ਦਿਲ ਵਿੱਚ ਤੇ ਦਿਮਾਗ਼ ਵਿੱਚ ਜਿੱਥੇ-ਜਿੱਥੇ ਵੀ ਕੁਝ ਸੋਚਦੇ ਤੇ ਚਿਤਵਦੇ ਹਾਂ, ਉੱਥੇ-ਉੱਥੇ ਪੰਜਾਬੀ ਦੇ ਬੋਲ ਗੂੰਜਦੇ ਹਨ।

ਜਦੋਂ ਕਦੇ ਅਸੀਂ ਕੋਈ ਹੋਰ ਬੋਲੀ ਬੋਲਦੇ ਹਾਂ ਤਾਂ ਉਸ ਵਿੱਚ ਵੀ ਪੰਜਾਬੀ ਦੀਆਂ ਮਹਿਕਾਂ ਮਹਿਕ ਜਾਂਦੀਆਂ ਹਨ। ਅਸੀਂ ਹਿੰਦੀ, ਉਰਦੂ ਜਾਂ ਅੰਗਰੇਜ਼ੀ ਬੋਲਣ ਵੇਲ਼ੇ ਕਿੰਨਾ ਵੀ ਜ਼ੋਰ ਲਾਈਏ ਪਰ ਪੰਜਾਬੀ ਨੂੰ ਨਹੀਂ ਭੁੱਲ ਸਕਦੇ। ਉੱਥੇ ਵੀ ਕੋਈ ਸੁਰ, ਕੋਈ ਤਾਨ, ਕੋਈ ਧੁਨੀ ਜਾਂ ਕੋਈ ਬੋਲ ਮੱਲੋ-ਮੱਲੀ ਪੰਜਾਬੀ ਭਾਸ਼ਾ ਦਾ ਆ ਹਾਜ਼ਰ ਹੁੰਦਾ ਹੈ। ਇਸ ਤਰ੍ਹਾਂ ਸਾਡਾ ਭਾਈਚਾਰਾ, ਸਾਡਾ ਸੱਭਿਆਚਾਰ ਤੇ ਪਰਿਵਾਰ ਪੰਜਾਬੀ ਵਿੱਚ ਹੀ ਉੱਸਰਦਾ ਅਤੇ ਪੰਜਾਬੀ ਵਿੱਚ ਹੀ ਫੁੱਲਦਾ ਹੈ ਅਤੇ ਇਸੇ ਵਹਿਣ ਵਿੱਚ ਹੀ ਅਸੀਂ ਭਰਪੂਰ ਜੀਵਨ ਜਿਊਂਦੇ ਹਾਂ ਤਾਂ ਫਿਰ ਸਾਡੇ ਲੂੰ-ਲੂੰ ਵਿੱਚ ਤੇ ਰਗ-ਰਗ ਵਿੱਚ ਅਤੇ ਸੁਫ਼ਨਿਆਂ ਵਿੱਚ ਤੇ ਸੱਧਰਾਂ ਵਿੱਚ ਜਿਹੜੀ ਪੰਜਾਬੀ ਸਦਾ ਬਿਰਾਜਮਾਨ ਰਹਿੰਦੀ ਹੈ, ਉਸ ਪੰਜਾਬੀ ਰੂਪੀ ਮਹਾਨ ਕੀਮਤੀ ਵਿਰਸੇ ਬਾਰੇ ਸਾਨੂੰ ਵੱਧ ਤੋਂ ਵੱਧ ਤੇ ਹੋਰ ਜਾਣਨ ਦੀ ਲੋੜ ਹੈ।



Downloaded from https:// www.studiestoday.com

Downloaded from https:// www.studiestoday.com



## ਪੰਜਾਬੀ ਭਾਸ਼ਾ ਦਾ ਖੇਤਰ

ਪੰਜਾਬੀ ਭਾਸ਼ਾ ਨੂੰ ਜਾਣਨ ਲਈ ਜ਼ਰੂਰੀ ਹੈ ਕਿ ਅਸੀਂ ਪੰਜਾਬੀ ਬੋਲਦੇ ਖੇਤਰਾਂ, ਇਸ ਦੇ ਗੁਆਂਢੀ ਇਲਾਕਿਆਂ, ਇਸ ਦੀ ਭਾਸ਼ਾਈ ਬਣਤਰ ਤੇ ਵਰਤੋਂ-ਵਿਹਾਰ, ਇਸ ਦੀਆਂ ਉਪਬੋਲੀਆਂ, ਇਸ ਦੇ ਇਤਿਹਾਸ ਅਤੇ ਇਸ ਦੀ ਵਰਤਮਾਨ ਸਥਿਤੀ ਆਦਿ ਗੱਲਾਂ ਬਾਰੇ ਗਿਆਨ ਪ੍ਰਾਪਤ ਕਰੀਏ ਤਾਂ ਹੀ ਪੰਜਾਬੀ ਦੀ ਮਹਿਮਾ ਤੇ ਮਹੱਤਵ ਨੂੰ ਪਛਾਣਿਆ ਜਾ ਸਕਦਾ ਹੈ।

ਪੰਜਾਬੀ ਭਾਸ਼ਾ ਇੱਕ ਵੱਡੇ ਪੰਜਾਬੀ ਭਾਈਚਾਰੇ ਦੀ ਭਾਸ਼ਾ ਹੈ। ਅੱਜ-ਕੱਲ੍ਹ ਦੀ ਗਿਣਤੀ ਮੁਤਾਬਕ ਪੰਜਾਬੀ ਭਾਸ਼ਾ ਨੂੰ ਬੋਲਣ ਵਾਲ਼ੇ ਕੋਈ 11 ਕਰੋੜ ਵਿਅਕਤੀ ਹਨ। ਪੰਜਾਬੀ ਭਾਸ਼ਾਈ ਲੋਕ ਭਾਰਤੀ ਪੰਜਾਬ ਤੇ ਇਸ ਦੇ ਨਾਲ਼ ਲੱਗਦੇ ਹੋਰ ਰਾਜਾਂ ਦੇ ਇਲਾਕਿਆਂ ਅਤੇ ਪਾਕਿਸਤਾਨੀ ਪੰਜਾਬ ਦੇ ਨਾਲ਼ ਲਗਦੇ ਇਲਾਕਿਆਂ ਤੋਂ ਇਲਾਵਾ ਕਨੇਡਾ, ਅਮਰੀਕਾ, ਇੰਗਲੈਂਡ, ਜਰਮਨੀ, ਸਿੰਘਾਪੁਰ, ਮਲਾਇਆ, ਸਵੀਡਨ, ਥਾਈਲੈਂਡ, ਅਫ਼ਗਾਨਿਸਤਾਨ ਅਤੇ ਅਫ਼ਰੀਕਾ ਆਦਿ ਸੌ ਤੋਂ ਜ਼ਿਆਦਾ ਦੇਸਾਂ ਵਿੱਚ ਵੱਸਦੇ-ਰੱਸਦੇ ਹਨ ਪਰ ਮੁੱਖ ਤੌਰ 'ਤੇ ਪੰਜਾਬ ਹੀ ਪੰਜਾਬੀ ਭਾਸ਼ਾ ਦਾ ਜੱਦੀ ਘਰ ਹੈ। ਕੋਈ ਸਮਾਂ ਸੀ ਜਦੋਂ ਪੰਜਾਬ ਇੱਕ ਬਹੁਤ ਵੱਡਾ ਵਿਸ਼ਾਲ ਪ੍ਰਾਂਤ ਸੀ ਅਤੇ ਸਾਰੇ ਵਿਸ਼ਾਲ ਪੰਜਾਬ ਵਿੱਚ ਪੰਜਾਬੀ ਬੋਲੀ, ਬੋਲੀ ਜਾਂਦੀ ਸੀ। ਪਾਕਿਸਤਾਨ ਦੇ ਉੱਤਰ-ਪੱਛਮੀ ਸਰਹੱਦੀ ਸੂਬੇ ਵਹਿੰਦੇ ਅਟਕ ਦਰਿਆ ਤੋਂ ਲੈ ਕੇ ਦਿੱਲੀ ਨਾਲ਼ ਘਸਰ ਕੇ ਲੰਘਦੀ ਜਮਨਾ ਨਦੀ ਤੱਕ ਵਿਸ਼ਾਲ ਪੰਜਾਬ ਦਾ ਪਸਾਰਾ ਸੀ। ਪੰਜਾਬ ਦੀ ਇਸ ਵਿਸ਼ਾਲਤਾ ਬਾਰੇ ਪੰਜਾਬੀ ਕਵੀ ਧਨੀ ਰਾਮ ਚਾਤ੍ਰਿਕ ਨੇ ਵੀ ਲਿਖਿਆ ਹੈ-

"ਖੱਬੇ ਹੱਥ ਬਰਛੀ ਜਮਨਾ ਦੀ
ਸੱਜੇ ਹੱਥ ਖੜਗ ਅਟਕ ਦਾ ਹੈ।
ਪਿਛਵਾੜੇ ਕੰਧ ਚਟਾਨਾਂ ਦੀ
ਕੋਈ ਵੈਰੀ ਤੋੜ ਨਾ ਸਕਦਾ ਹੈ।"

ਇਸ ਤਰ੍ਹਾਂ ਇਹ ਮਹਾਂ ਪੰਜਾਬ ਸੂਬੇ ਸਰਹੱਦ ਤੋਂ ਲੈ ਕੇ ਦਿੱਲੀ ਤੱਕ ਅਤੇ ਤਿੱਬਤ ਤੋਂ ਲੈ ਕੇ ਸਿੰਧ (ਪਾਕਿਸਤਾਨ) ਤੱਕ ਫੈਲਿਆ ਹੋਇਆ ਸੀ ਅਤੇ ਦੂਰ-ਦੂਰ ਤੱਕ ਪਿਸ਼ਾਵਰ, ਸ੍ਰੀ ਨਗਰ, ਸ਼ਿਮਲਾ, ਬੀਕਾਨੇਰ ਦੇ ਬਜ਼ਾਰ ਵਿੱਚ ਪੰਜਾਬੀ ਬੋਲੀ ਸੁਣੀ ਜਾਂਦੀ ਸੀ ਪਰ ਇਤਿਹਾਸ ਵਿੱਚ ਪੰਜਾਬ ਟੋਟੇ-ਟੋਟੇ ਹੋ ਕੇ ਵੰਡਿਆ ਜਾਂਦਾ ਰਿਹਾ ਹੈ। ਸਭ ਤੋਂ ਪਹਿਲਾਂ 1947 ਈ. ਦੀ ਭਾਰਤ-ਪਾਕ ਵੰਡ ਵੇਲ਼ੇ, ਪੰਜਾਬ ਦੋ ਹਿੱਸਿਆਂ ਵਿੱਚ ਵੰਡਿਆ ਗਿਆ। ਅੱਧੇ ਤੋਂ ਵੱਧ ਪੰਜਾਬ ਪਾਕਿਸਤਾਨ ਦੇ ਹਿੱਸੇ ਆਇਆ ਅਤੇ ਬਾਕੀ ਅੱਧਾ ਪੰਜਾਬ ਭਾਰਤ ਨੂੰ ਮਿਲ਼ਿਆ। ਭਾਰਤੀ ਪੰਜਾਬ ਵਿੱਚ ਵੀ ਕਈ ਬਦਲਾਅ ਹੋਏ ਹਨ। 1956 ਈ. ਵਿੱਚ ਦੇਸੀ ਰਿਆਸਤਾਂ

Downloaded from https:// www.studiestoday.com

Downloaded from https:// www.studiestoday.com



ਦਾ ਪੈਪਸੂ ਇਲਾਕਾ ਪੰਜਾਬ ਨਾਲ਼ ਜੋੜ ਦਿੱਤਾ ਗਿਆ ਅਤੇ ਉਸ ਤੋਂ ਦਸ ਸਾਲ ਮਗਰੋਂ 1966 ਈ. ਵਿੱਚ ਪੰਜਾਬ ਦੀ ਫਿਰ ਵੰਡ ਹੋਈ। ਇਸ ਵਾਰ ਪੰਜਾਬ ਦੇ ਤਿੰਨ ਟੋਟੇ ਹੋਏ। ਇੱਕ ਟੋਟਾ ਪਹਾੜੀ ਇਲਾਕਿਆਂ ਦਾ ਤੋੜ ਕੇ 'ਹਿਮਾਚਲ ਪ੍ਰਦੇਸ਼' ਕਾਇਮ ਕੀਤਾ ਗਿਆ ਅਤੇ ਦੂਜੇ ਟੋਟੇ ਦੀ ਹੱਦਬੰਦੀ ਕਰਦੇ ਹਰਿਆਣਾ ਬਣਾਇਆ ਗਿਆ। ਤੀਜੇ ਹਿੱਸੇ ਵਿੱਚ ਪੰਜਾਬੀ ਭਾਸ਼ੀ ਨਵਾਂ ਸੂਬਾ ਸਥਾਪਿਤ ਕੀਤਾ ਗਿਆ। ਇਸ ਨਵੇਂ ਪੰਜਾਬ ਦੇ 22 ਜ਼ਿਲ੍ਹੇ ਹਨ, ਜਿੱਥੇ ਪੰਜਾਬੀ ਭਾਸ਼ਾ ਨੂੰ ਰਾਜ-ਭਾਸ਼ਾ ਦਾ ਦਰਜਾ ਪ੍ਰਾਪਤ ਹੈ। ਇਸ ਤਰ੍ਹਾਂ ਪੰਜਾਬ ਦਾ ਭੂਗੋਲ ਬਦਲਦਾ ਰਿਹਾ ਹੈ ਅਤੇ ਪੰਜਾਬ ਵੰਡਿਆ ਜਾਂਦਾ ਰਿਹਾ ਹੈ ਪਰ ਪੰਜਾਬੀ ਭਾਸ਼ਾ ਕਦੇ ਵੀ ਵੰਡੀ ਨਹੀਂ ਗਈ। ਪੰਜਾਬੀ ਭਾਸ਼ਾ ਕਿਸੇ ਨਾ ਕਿਸੇ ਰੂਪ ਵਿੱਚ ਵਿਸ਼ਾਲ ਭੂਗੋਲਿਕ ਪੰਜਾਬ ਵਿੱਚ ਜਿਉਂਦੀ-ਜਾਗਦੀ ਚਲਦੀ ਆ ਰਹੀ ਹੈ।

ਇਹ ਬੜੀ ਖ਼ੁਸ਼ੀ ਦੀ ਗੱਲ ਹੈ ਕਿ ਪੰਜਾਬ ਸਰਕਾਰ ਨੇ 'ਪੰਜਾਬ ਲਰਨਿੰਗ ਆਫ਼ ਪੰਜਾਬੀ ਐਂਡ ਅਦਰ ਐਕਟ 2008' ਭਾਵ ਪੰਜਾਬ ਦਾ ਪੰਜਾਬੀ ਅਤੇ ਹੋਰ ਭਾਸ਼ਾਵਾਂ ਸਿੱਖਣ ਬਾਰੇ ਐਕਟ 2008 ਬਣਾਇਆ ਹੈ ਜਿਸ ਅਨੁਸਾਰ ਪੰਜਾਬ ਦੇ ਸਾਰੇ ਸਕੂਲਾਂ ਦੇ ਵਿਦਿਆਰਥੀ ਪਹਿਲੀ ਤੋਂ ਦਸਵੀਂ ਤੱਕ ਪੰਜਾਬੀ ਨੂੰ ਲਾਜ਼ਮੀ ਵਿਸ਼ੇ ਵਜੋਂ ਪੜ੍ਹਨਗੇ। ਇਸ ਐਕਟ ਦੀਆਂ ਧਾਰਾਵਾਂ ਅਨੁਸਾਰ ਕੋਈ ਵੀ ਬੋਰਡ ਜਾਂ ਸੰਸਥਾ ਕਿਸੇ ਵੀ ਵਿਦਿਆਰਥੀ ਨੂੰ ਪੰਜਾਬੀ ਵਿਸ਼ਾ ਪਾਸ ਹੋਣ ਬਗੈਰ ਦਸਵੀਂ ਦਾ ਸਰਟੀਫਿਕੇਟ ਜਾਰੀ ਨਹੀਂ ਕਰ ਸਕਦਾ। ਇਸ ਐਕਟ ਅਨੁਸਾਰ ਹਿੰਦੀ ਅਤੇ ਅੰਗਰੇਜ਼ੀ ਭਾਸ਼ਾਵਾਂ ਨੂੰ ਵੀ ਪੜ੍ਹਾਉਣ ਲਈ ਢੁੱਕਵੀਂ ਵਿਵਸਥਾ ਕੀਤੀ ਹੈ। ਪੰਜਾਬੀ, ਪੰਜਾਬ ਰਾਜ ਦੀ ਭਾਸ਼ਾ ਹੈ, ਜਿਸ ਨੂੰ ਪੰਜਾਬ ਸਰਕਾਰ ਦੇ ਦਫ਼ਤਰਾਂ ਅਤੇ ਪੰਜਾਬ ਦੇ ਸਕੂਲਾਂ ਅੰਦਰ ਸਨਮਾਨ ਮਿਲ਼ਣਾ ਚਾਹੀਦਾ ਹੈ। ਇਸ ਐਕਟ ਦੇ ਬਣਨ ਨਾਲ਼ ਸਿੱਖਿਆ ਦੇ ਹਰ ਖੇਤਰ ਵਿੱਚ ਪੰਜਾਬੀ ਭਾਸ਼ਾ ਨੂੰ ਬਣਦਾ ਸਨਮਾਨ ਮਿਲ਼ਿਆ ਹੈ। ਦੁਨੀਆਂ ਭਰ ਦੇ ਸਿੱਖਿਆ ਸ਼ਾਸਤਰੀਆਂ ਅਤੇ ਮਨੋਵਿਗਿਆਨੀਆਂ ਅਨੁਸਾਰ ਬੱਚੇ ਨੂੰ ਮਾਤ-ਭਾਸ਼ਾ ਰਾਹੀਂ ਹੀ ਸਿੱਖਿਆ ਦਿੱਤੀ ਜਾਣੀ ਚਾਹੀਦੀ ਹੈ। ਮਾਤ-ਭਾਸ਼ਾ ਦੀ ਪੜ੍ਹਾਈ ਬਹੁਤ ਜ਼ਰੂਰੀ ਹੁੰਦੀ ਹੈ। ਇਸ ਐਕਟ ਦੇ ਐਕਟ ਬਣਨ ਨਾਲ਼ ਪਹਿਲੀ ਤੋਂ ਦਸਵੀਂ ਤੱਕ ਪੜ੍ਹਦਾ ਹਰ ਬੱਚਾ ਪੰਜਾਬੀ ਭਾਸ਼ਾ ਪੜ੍ਹੇਗਾ।

ਭਾਰਤੀ ਪੰਜਾਬ ਵਿੱਚ ਪੰਜਾਬੀ ਭਾਸ਼ਾ ਭਾਈਚਾਰਿਕ, ਸੱਭਿਆਚਾਰਿਕ, ਵਿੱਦਿਅਕ ਤੇ ਵਪਾਰਿਕ ਸਰਗਰਮੀਆਂ ਦਾ ਮਾਧਿਅਮ ਬਣੀ ਹੋਈ ਹੈ। ਸੰਨ 1966 ਈ. ਵਿੱਚ ਭਾਰਤ ਸਰਕਾਰ ਨੇ ਪੰਜਾਬ ਭਾਸ਼ਾ ਐਕਟ ਪਾਸ ਕਰਕੇ ਪੰਜਾਬੀ ਭਾਸ਼ਾ ਨੂੰ ਸਰਕਾਰੀ ਰਾਜ-ਭਾਸ਼ਾ ਦੇ ਤੌਰ 'ਤੇ ਪ੍ਰਵਾਨ ਕਰ ਲਿਆ ਸੀ। ਇਸ ਲਈ ਪੰਜਾਬੀ ਹੁਣ ਸਰਕਾਰੀ ਦਫ਼ਤਰਾਂ, ਕਚਹਿਰੀਆਂ ਅਦਾਲਤਾਂ, ਸਕੂਲਾਂ-ਕਾਲਜਾਂ ਤੇ ਯੂਨੀਵਰਸਿਟੀਆਂ ਵਿੱਚ ਵਰਤੀ ਜਾਂਦੀ ਹੈ। ਭਾਰਤੀ ਸੰਵਿਧਾਨ ਵਿੱਚ ਇਹ ਪੰਜਾਬੀ ਰਾਸ਼ਟਰੀ ਭਾਸ਼ਾ ਵਜੋਂ ਸੂਚੀ-ਬੱਧ ਕੀਤੀ ਗਈ ਹੈ ਅਤੇ ਇਸ ਦੇ ਵਿਕਾਸ ਤੇ ਉੱਨਤੀ ਲਈ ਪੰਜਾਬ ਸਰਕਾਰ ਤੇ ਭਾਰਤ ਸਰਕਾਰ ਦੋਵੇਂ ਵਚਨ-ਬੱਧ ਹਨ।

Downloaded from https:// www.studiestoday.com

Downloaded from https:// www.studiestoday.com



ਉੱਧਰ ਪਾਕਿਸਤਾਨੀ ਪੰਜਾਬ ਵਿੱਚ ਪੰਜਾਬੀ ਨੂੰ ਭਾਵੇਂ ਰਾਜ-ਭਾਸ਼ਾ ਜਾਂ ਸਰਕਾਰੀ ਭਾਸ਼ਾ ਵਜੋਂ ਸਨਮਾਨ ਹਾਸਲ ਨਹੀਂ ਹੋਇਆ ਪਰ ਸੱਭਿਆਚਾਰਿਕ ਪ੍ਰੋਗਰਾਮਾਂ, ਸਾਹਿਤਿਕ ਰਚਨਾਵਾਂ ਅਤੇ ਨਿਤਾਪ੍ਰਤੀ ਬੋਲ-ਚਾਲ ਕਾਰ ਵਿਹਾਰ ਲਈ ਪੰਜਾਬੀ ਨੂੰ ਬੜੇ ਚਾਅ ਨਾਲ਼ ਵਰਤਿਆ ਜਾਂਦਾ ਹੈ। ਸੰਨ 1951 ਅਤੇ 1961 ਈ. ਦੀਆਂ ਮਰਦਮ-ਸ਼ੁਮਾਰੀਆਂ (ਜਨ-ਗਿਣਤੀਆਂ) ਵੇਲ਼ੇ ਪਾਕਿਸਤਾਨੀ ਪੰਜਾਬ 94 (ਚੁਰਾਨਵੇਂ) ਫ਼ੀਸਦੀ ਲੋਕਾਂ ਨੇ ਆਪਣੀ ਮਾਂ-ਬੋਲੀ ਪੰਜਾਬੀ ਹੀ ਦਰਜ ਕਰਵਾਈ ਸੀ। ਪੰਜਾਬੀ ਨੂੰ ਸਰਕਾਰੀ ਭਾਸ਼ਾ ਦਾ ਯੋਗ ਸਨਮਾਨ ਦਿਵਾਉਣ ਲਈ ਪਾਕਿਸਤਾਨ ਵਿੱਚ ਕੋਸ਼ਸ਼ਾਂ ਜਾਰੀ ਹਨ। ਵਿਕੀਪੀਡੀਆ ਅਨੁਸਾਰ ਇਸ ਸਮੇਂ ਪਾਕਿਸਤਾਨ ਵਿੱਚ ਲਗ-ਪਗ 8 ਕਰੋੜ ਲੋਕ ਪੰਜਾਬੀ ਬੋਲਦੇ ਹਨ।

ਇਸ ਤਰ੍ਹਾਂ ਅੱਜ ਪੰਜਾਬੀ ਰਾਜਨੀਤਿਕ ਹੱਦਾਂ ਟੱਪ ਕੇ ਬਹੁਤ ਵੱਡੇ ਭੂ-ਖੰਡ ਵਿੱਚ ਬੋਲੀ ਜਾਂਦੀ ਹੈ। ਪੰਜਾਬੀ ਬੋਲਦੇ ਇਲਾਕਿਆਂ ਦਾ ਵੇਰਵਾ ਹੇਠਾਂ ਦਰਜ ਹੈ।

ਸਾਰਾ ਭਾਰਤੀ ਪੰਜਾਬ, ਪੰਜਾਬੀ ਭਾਸ਼ਾ ਦਾ ਖੇਤਰ ਹੈ ਜਿਸ ਵਿੱਚ ਇਸ ਵੇਲ਼ੇ 22 ਜ਼ਿਲ੍ਹੇ ਹਨ। ਹਰਿਆਣੇ ਵਿੱਚ ਤਹਿਸੀਲ ਸਰਸਾ ਦਾ ਚੋਖਾ ਭਾਗ, ਤਹਿਸੀਲ ਫ਼ਤਿਹਾਬਾਦ ਦਾ ਅੱਧਾ ਹਿੱਸਾ, ਟੋਹਾਣਾ ਬਲਾਕ, ਸਦਰ ਥਾਣਾ ਅੰਬਾਲ਼ਾ, ਤਹਿਸੀਲ ਗੂਹਲਾ, ਅੱਧ ਕੈਥਲ ਤਹਿਸੀਲ, ਥਨੇਸਰ ਦਾ ਕੁਝ ਭਾਗ, ਅਤੇ ਕਰਨਾਲ ਦੇ ਕਈ ਪਿੰਡ ਪੰਜਾਬੀ ਬੋਲਦੇ ਇਲਾਕੇ ਹਨ। ਰਾਜਸਥਾਨ ਦੀ ਗੰਗਾਨਗਰ ਤਹਿਸੀਲ, ਹਿਮਾਚਲ ਪ੍ਰਦੇਸ਼ ਦੇ ਕਾਂਗੜਾ, ਚੰਬਾ ਆਦਿ ਕਈ ਹੋਰ ਖੇਤਰ ਪੰਜਾਬੀ ਵਾਲ਼ੇ ਹਨ। ਜੰਮੂ-ਕਸ਼ਮੀਰ ਸਟੇਟ ਦੇ ਜੰਮੂ, ਪੁਣਛ, ਬਾਰਾਮੂਲਾ ਇਲਾਕਿਆਂ ਵਿੱਚ ਵੀ ਕਾਫ਼ੀ ਅਬਾਦੀ ਪੰਜਾਬੀ ਬੋਲਣ ਵਾਲ਼ੀ ਹੈ।

ਪਾਕਿਸਤਾਨ ਵਿੱਚ ਸਾਰਾ ਪਾਕਿਸਤਾਨੀ ਪੰਜਾਬ, ਬਹਾਵਲਪੁਰ ਰਿਆਸਤ, ਜੰਮੂ ਤੇ ਪੁਣਛ ਦਾ ਪਾਕਿਸਤਾਨ ਅਧੀਨ ਇਲਾਕਾ, ਸਰਹੱਦੀ ਸੂਬੇ ਅਤੇ ਸੂਬੇ ਸਿੰਧ ਦਾ ਪੰਜਾਬ ਨਾਲ਼ ਜੁੜਵਾਂ ਇਲਾਕਾ ਪੰਜਾਬੀ ਬੋਲਦਾ ਖੇਤਰ ਹੈ। ਦਿੱਲੀ ਮਹਾਂਨਗਰ ਵਿੱਚ ਵੀ ਪੰਜਾਬੀ ਬੋਲਦੇ ਲੋਕਾਂ ਦੀ ਕਾਫ਼ੀ ਵੱਡੀ ਗਿਣਤੀ ਅਬਾਦ ਹੈ। ਦਿੱਲੀ, ਕਲਕੱਤੇ, ਬੰਬਈ, ਚੇਨਈ ਵਰਗੇ ਮਹਾਂਨਗਰਾਂ ਤੋਂ ਇਲਾਵਾ ਬਕਾਰੋ, ਕਾਨਪੁਰ, ਧਨਬਾਦ, ਟਾਟਾ ਨਗਰ, ਅਹਿਮਦਾਬਾਦ, ਭੋਪਾਲ, ਜਬਲਪੁਰ ਆਦਿ ਸਨਅਤੀ ਸ਼ਹਿਰਾਂ ਅਤੇ ਤਰਾਈ ਦੇ ਇਲਾਕੇ ਵਿੱਚ ਵੀ ਪੰਜਾਬੀ ਲੋਕ ਵਸਦੇ ਹਨ।

## ਪੰਜਾਬੀ ਭਾਸ਼ਾ ਦਾ ਇਤਿਹਾਸ

ਇਸ ਤਰ੍ਹਾਂ ਪੰਜਾਬੀ ਭਾਸ਼ਾ ਭਾਰਤ-ਪਾਕ ਉਪ-ਮਹਾਂਦੀਪ ਦੇ ਬਹੁਤ ਵੱਡੇ ਭੂ-ਖੰਡ ਦੀ ਲੋਕ-ਪ੍ਰਵਾਨ ਤੇ ਬਲਵਾਨ ਭਾਸ਼ਾ ਹੈ। ਜਿਹੜੀ ਪੰਜਾਬੀ ਇਸ ਵਿਸ਼ਾਲ ਪ੍ਰਾਂਤ ਵਿੱਚ ਅੱਜ ਪ੍ਰਚਲਿਤ ਹੈ, ਉਹ ਕੋਈ ਇੱਕ ਹਜ਼ਾਰ ਸਾਲ ਪੁਰਾਣੀ ਹੈ। ਉਸ ਤੋਂ ਪਹਿਲਾਂ ਪ੍ਰਾਚੀਨ ਪੰਜਾਬ ਵਿੱਚ ਵੈਦਿਕ ਸੰਸਕ੍ਰਿਤ, ਉਸ ਤੋਂ ਬਾਅਦ ਪ੍ਰਾਕ੍ਰਿਤ ਭਾਸ਼ਾਵਾਂ ਅਤੇ ਫਿਰ ਅਪਭ੍ਰੰਸ਼ ਭਾਸ਼ਾਵਾਂ ਬੋਲੀਆਂ ਜਾਂਦੀਆਂ ਸਨ। ਇਹਨਾਂ

Downloaded from https:// www.studiestoday.com

Downloaded from https:// www.studiestoday.com



ਪੁਰਾਣੀਆਂ ਭਾਸ਼ਾਵਾਂ ਤੋਂ ਹੀ ਹੌਲ਼ੀ-ਹੌਲ਼ੀ ਬਦਲ ਕੇ ਦਸਵੀਂ-ਗਿਆਰ੍ਹਵੀਂ (ਈਸਵੀ) ਸਦੀ ਵਿੱਚ ਪੰਜਾਬੀ ਭਾਸ਼ਾ ਦਾ ਜਨਮ ਹੋਇਆ। ਪੁਰਾਣੀ ਤੇ ਮੱਧ-ਕਾਲੀ ਪੰਜਾਬੀ ਭਾਸ਼ਾ ਦੀਆਂ ਵੰਨਗੀਆਂ ਸਾਨੂੰ ਗੋਰਖਨਾਥ, ਚਰਪਟ ਨਾਥ, ਅੱਦਹਮਾਣ, ਬਾਬਾ ਫ਼ਰੀਦ, ਸ਼ਾਹ ਹੁਸੈਨ, ਦਮੋਦਰ, ਗੁਰੂ ਨਾਨਕ, ਭਾਈ ਗੁਰਦਾਸ, ਵਾਰਿਸ ਸ਼ਾਹ ਅਤੇ ਬੁੱਲ੍ਹੇ ਸ਼ਾਹ ਆਦਿ ਪੰਜਾਬੀ ਸਾਹਿਤਕਾਰਾਂ ਦੀਆਂ ਕਿਰਤਾਂ ਵਿੱਚ ਮਿਲ਼ ਜਾਂਦੀਆਂ ਹਨ। ਮਹਾਰਾਜਾ ਰਣਜੀਤ ਸਿੰਘ ਕਾਲ ਤੋਂ ਬਾਅਦ ਹੀ ਆਧੁਨਿਕ ਕਾਲ ਵਿੱਚ ਅਜੋਕੀ ਪੰਜਾਬੀ ਭਾਸ਼ਾ ਦਾ ਸਰੂਪ ਨਿਖਰਿਆ ਹੈ, ਜੋ "ਟਕਸਾਲੀ ਪੰਜਾਬੀ" ਵਜੋਂ ਪ੍ਰਵਾਨ ਹੋਇਆ ਹੈ ਅਤੇ ਜੋ ਅੱਜ ਸਾਡੇ ਸੱਭਿਆਚਾਰ, ਸਾਹਿਤ, ਸਿੱਖਿਆ ਅਤੇ ਹੋਰ ਲਿਖਤ-ਪੜ੍ਹਤ ਦਾ ਮਾਧਿਅਮ ਹੈ।

## ਪੰਜਾਬੀ ਭਾਸ਼ਾ ਤੇ ਗੁਆਂਢੀ ਬੋਲੀਆਂ

ਭਾਸ਼ਾ ਪਰਿਵਾਰ ਦੇ ਪੱਖੋਂ ਪੰਜਾਬੀ ਇੱਕ ਆਰੀਆ ਭਾਸ਼ਾ ਹੈ। ਆਰੀਆ ਭਾਸ਼ਾ-ਪਰਿਵਾਰ ਵਿੱਚ ਭਾਰਤ ਦੀਆਂ ਹਿੰਦੀ, ਸਿੰਧੀ, ਗੁਜਰਾਤੀ, ਮਰਾਠੀ, ਬਿਹਾਰੀ, ਉੜੀਆ, ਬੰਗਾਲੀ, ਅਸਾਮੀ, ਨੇਪਾਲੀ ਆਦਿ ਪ੍ਰਾਂਤਿਕ ਭਾਸ਼ਾਵਾਂ ਗਿਣੀਆਂ ਜਾਂਦੀਆਂ ਹਨ। ਦੱਖਣੀ ਭਾਰਤ ਦੀਆਂ ਤਾਮਿਲ, ਕੰਨੜ, ਮਲਿਆਲਮ ਤੇ ਤੇਲਗੂ ਭਾਸ਼ਾਵਾਂ ਦ੍ਰਾਵਿੜ ਭਾਸ਼ਾਵਾਂ ਹਨ, ਆਰੀਆ ਭਾਸ਼ਾਵਾਂ ਨਹੀਂ। ਭਾਰਤੀ ਆਰੀਆ ਭਾਸ਼ਾਵਾਂ ਦੀ ਕਤਾਰ ਵਿੱਚ ਪੰਜਾਬੀ ਸਭ ਤੋਂ ਪਹਿਲੀ ਤੇ ਮੂਹਰਲੀ ਭਾਸ਼ਾ ਹੈ ਜੋ ਭਾਰਤ-ਪਾਕਿਸਤਾਨ ਦੇ ਧੁਰ ਉੱਤਰ-ਪੱਛਮੀ ਸਿਰੇ 'ਤੇ ਬੋਲੀ ਜਾਂਦੀ ਹੈ ਅਤੇ ਬੰਗਾਲੀ ਇਸੇ ਕਤਾਰ ਦੀ ਅਖ਼ੀਰਲੀ ਭਾਸ਼ਾ ਹੈ ਜੋ ਭਾਰਤ ਦੇ ਉੱਤਰ ਪੂਰਬੀ ਸਿਰੇ 'ਤੇ ਪ੍ਰਚਲਿਤ ਹੈ। ਪੰਜਾਬੀ ਦੇ ਆਲ਼ੇ-ਦੁਆਲ਼ੇ ਆਰੀਆ ਤੇ ਗ਼ੈਰ-ਆਰੀਆ ਭਾਸ਼ਾਵਾਂ ਨੇ ਇੱਕ ਝੁਰਮਟ ਪਾਇਆ ਹੋਇਆ ਹੈ।

ਪੰਜਾਬੀ ਦੇ ਪੂਰਬ ਵੱਲ ਬਾਂਗਰੂ (ਹਰਿਆਣਵੀ), ਦੱਖਣ ਵੱਲ ਬਾਗੜੀ ਤੇ ਰਾਜਸਥਾਨੀ, ਦੱਖਣ-ਪੱਛਮ ਵੱਲ ਸਿੰਧੀ, ਪੱਛਮ ਵੱਲ ਬਲੋਚੀ, ਪੱਛਮ-ਉੱਤਰ ਵੱਲ ਪਸ਼ਤੋ ਤੇ ਕਸ਼ਮੀਰੀ ਅਤੇ ਉੱਤਰ ਵੱਲ ਡੋਗਰੀ, ਉੱਤਰ-ਪੂਰਬ ਵੱਲ ਪਹਾੜੀ ਬੋਲੀਆਂ ਹਨ। ਬੋਲੀਆਂ ਦੇ ਇਸ ਝੁਰਮਟ ਵਿੱਚ ਪੰਜਾਬੀ ਬੋਲੀ ਦੀ ਆਪਣੀ ਨਵੇਕਲੀ ਪਛਾਣ ਹੈ ਕਿਉਂਕਿ ਪੰਜਾਬੀ ਦੀ ਆਪਣੀ ਸੁਤੰਤਰ ਭਾਸ਼ਾਈ ਬਣਤਰ ਹੈ ਅਤੇ ਆਪਣੀ ਵਰਤੋਂ ਪ੍ਰਨਾਲ਼ੀ ਹੈ। ਪੰਜਾਬੀ ਦੀ ਉਚਾਰਨ ਵਿਧੀ ਅਤੇ ਰੂਪ-ਬਣਤਰ ਹੀ ਅਜੇਹੀ ਹੈ ਜੋ ਇਸ ਨੂੰ ਬਾਕੀ ਭਾਰਤੀ ਭਾਸ਼ਾਵਾਂ ਨਾਲ਼ੋਂ ਨਿਖੇੜਦੀ ਹੈ ਅਤੇ ਇਸ ਦੀ ਵੱਖਰੀ ਹੋਂਦ ਦ੍ਰਿੜ੍ਹ ਕਰਦੀ ਹੈ।

ਸਭ ਤੋਂ ਪਹਿਲਾਂ ਪੰਜਾਬੀ ਦਾ ਬੋਲਣ-ਢੰਗ ਤੇ ਉਚਾਰਨ ਲਹਿਜਾ ਹੀ ਵੱਖਰਾ ਹੈ। ਪੰਜਾਬੀ ਦੀਆਂ ਕਈ ਉਚਾਰਨ-ਆਵਾਜ਼ਾਂ ਜਿਨ੍ਹਾਂ ਨੂੰ "ਧੁਨੀਆਂ" ਕਿਹਾ ਜਾਂਦਾ ਹੈ, ਅਸਲੋਂ ਵਿਲੱਖਣ ਹਨ। ਮਿਸਾਲ ਵਜੋਂ ਸ਼ਬਦਾਂ ਦੇ ਮੁੱਢ ਵਿੱਚ ਰੱਖੀਆਂ ਘ, ਝ, ਢ, ਧ, ਭ, ਧੁਨੀਆਂ ਦਾ ਉਚਾਰਨ ਹੋਰ ਕਿਸੇ ਬੋਲੀ ਵਿੱਚ ਨਹੀਂ ਮਿਲ਼ਦਾ।

Downloaded from https:// www.studiestoday.com

Downloaded from https:// www.studiestoday.com



## ਪੰਜਾਬੀ ਭਾਸ਼ਾ ਦੀ ਬਣਤਰ

ਪੰਜਾਬੀ ਭਾਸ਼ਾ ਦੀ ਬਣਤਰ ਪੰਜਾਬੀ ਧੁਨੀਆਂ 'ਤੇ ਨਿਰਭਰ ਹੁੰਦੀ ਹੈ। ਇਹੋ ਧੁਨੀਆਂ ਪੰਜਾਬੀ ਭਾਸ਼ਾ ਦੀਆਂ ਨੀਹਾਂ ਹਨ, ਜਿਨ੍ਹਾਂ ਉੱਤੇ ਸਾਰੀ ਪੰਜਾਬੀ ਭਾਸ਼ਾ ਦੀ ਉਸਾਰੀ ਹੁੰਦੀ ਹੈ। ਪੰਜਾਬੀ ਵਿੱਚ ਕੁੱਲ 41 ਧੁਨੀਆਂ ਮੰਨੀਆਂ ਜਾਂਦੀਆਂ ਹਨ, ਜਿਨ੍ਹਾਂ ਨੂੰ ਰੇਖਾ-ਚਿੱਤਰ ਵਿੱਚ ਵਿਖਾਇਆ ਜਾਂਦਾ ਹੈ।

### ਪੰਜਾਬੀ ਧੁਨੀਆਂ ਦਾ ਰੇਖਾ-ਚਿੱਤਰ*

ਅ, ਆ, ਇ, ਈ, ਉ, ਊ, ਏ, ਐ, ਓ, ਔ
ਕ, ਖ, ਗ, (ਘ), ਙ, ਚ, ਛ, ਜ, (ਝ), ਞ
ਟ, ਠ, ਡ, (ਢ), ਣ, ਤ, ਥ, ਦ, (ਧ), ਨ
ਪ, ਫ, ਬ, (ਭ), ਮ,
ਯ, ਰ, ਲ, ਲ਼, ਵ, ੜ, ਸ, ਸ਼, ਹ,
(ਖ਼, ਗ਼, ਜ਼, ਫ਼)
ਬਿੰਦੀ ( ਂ ), ਟਿੱਪੀ ( ੰ ), ਅਧਕ ( ੱ )

ਇਹੋ ਧੁਨੀਆਂ ਪੰਜਾਬੀ ਭਾਸ਼ਾ ਦੀ ਸਾਰੀ ਬਣਤਰ ਲਈ ਮੁਢਲੀਆਂ ਨਿਖੇੜੂ ਇਕਾਈਆਂ ਹਨ। ਇਹਨਾਂ ਵਿੱਚ ਅਰਥ-ਨਿਖੇੜਨ ਦੀ ਵੀ ਸ਼ਕਤੀ ਹੈ। ਕਮਾਲ ਦੀ ਗੱਲ ਇਹ ਹੈ ਕਿ ਕਿਸੇ ਇੱਕੋ ਧੁਨੀ ਦੀ ਅਦਲਾ-ਬਦਲੀ ਨਾਲ਼ ਜਾਂ ਅੱਗੇ-ਪਿੱਛੇ ਕਰਨ ਨਾਲ਼ ਸ਼ਬਦਾਂ ਦੇ ਅਰਥ ਹੀ ਬਦਲ ਜਾਂਦੇ ਹਨ ਜਿਵੇਂ ਜਗ ਤੇ ਜੰਗ ਦੋ ਸ਼ਬਦ ਹਨ, ਇਹਨਾਂ ਦੇ ਵੱਖਰੇ-ਵੱਖਰੇ ਅਰਥ ਹਨ। ਇਹਨਾਂ ਦੋਹਾਂ ਵਿੱਚ ਟਿੱਪੀ ਦਾ ਹੀ ਫ਼ਰਕ ਹੈ। ਇਸ ਤਰ੍ਹਾਂ ਪਤਾ (ਸਿਰਨਾਵਾਂ) ਤੇ ਪੱਤਾ (ਬਿਰਛ ਦਾ ਪੱਤਾ) ਵਿੱਚ ਸਿਰਫ਼ ਅਧਕ ਲਾਉਣ ਨਾਲ਼ ਹੀ ਅਰਥ ਬਦਲ ਗਿਆ ਹੈ। ਇਸ ਪ੍ਰਕਾਰ ਪੰਜਾਬੀ ਦੀ ਹਰ ਇੱਕ ਧੁਨੀ ਵਿੱਚ ਅਰਥ-ਭੇਦ ਪੈਦਾ ਕਰਨ ਦੀ ਸ਼ਕਤੀ ਹੈ।

ਇਹਨਾਂ ਪੰਜਾਬੀ ਧੁਨੀਆਂ ਦੇ ਜੋੜ-ਮੇਲ਼ ਨਾਲ਼ ਪਹਿਲਾਂ, ਉਚਾਰ-ਖੰਡ, ਰੂਪੀਮ, ਸ਼ਬਦ ਬਣਦੇ ਹਨ ਅਤੇ ਫਿਰ ਸ਼ਬਦਾਂ ਦੇ ਸੰਜੋਗ ਨਾਲ਼ ਵਾਕਾਂਸ਼, ਉਪਵਾਕ ਤੇ ਵਾਕ ਰਚੇ ਜਾਂਦੇ ਹਨ ਜੋ ਮਨੁੱਖੀ ਭਾਈਚਾਰੇ ਦੇ ਸਮਾਜਿਕ ਵਰਤਾਰੇ ਲਈ ਅਰਥ ਸਿਰਜਦੇ ਹਨ। ਇਸ ਵਿਓਂਤ ਨਾਲ਼ ਪੰਜਾਬੀ ਭਾਸ਼ਾ ਦਾ ਸਮੁੱਚਾ ਪ੍ਰਪੰਚ ਉਸਾਰਿਆ ਜਾਂਦਾ ਹੈ।

---

ਨੋਟ : ਬ੍ਰੈਕਟਾਂ ਵਿੱਚ ਦਿੱਤੇ ਘ, ਝ, ਢ, ਧ, ਭ ਅੱਖਰ ਸੁਰਾਤਮਿਕ ਧੁਨੀਆਂ ਨੂੰ ਪ੍ਰਗਟ ਨਹੀਂ ਕਰਦੇ ਪਰ ਰਵਾਇਤੀ ਤੌਰ 'ਤੇ ਵਰਨ-ਮਾਲ਼ਾ ਵਿੱਚ ਰੱਖੇ ਹਨ। ਉੱਪਰ ਦੇਖੋ।

Downloaded from https:// www.studiestoday.com

Downloaded from https:// www.studiestoday.com



ਇਸ ਪ੍ਰਕਾਰ ਪੰਜਾਬੀ ਭਾਸ਼ਾ ਦੀ ਬਣਤਰ ਵਿੱਚ ਚਾਰ ਪੌੜੀਆਂ ਕੰਮ ਕਰਦੀਆਂ ਹਨ। ਪਹਿਲੀ ਪੌੜੀ ਧੁਨੀਆਂ ਦੀ ਹੈ, ਦੂਜੀ ਪੌੜੀ ਸ਼ਬਦ-ਰੂਪਾਂ ਦੀ ਹੈ, ਤੀਜੀ ਪੌੜੀ ਵਾਕਾਂ ਦੀ ਹੈ ਅਤੇ ਚੌਥੀ ਪੌੜੀ ਅਰਥਾਂ ਦੀ ਹੈ। ਇਹਨਾਂ ਚਾਰਾਂ ਦੇ ਉਚਿਤ ਸੰਜੋਗ ਨਾਲ਼ ਪੰਜਾਬੀ ਭਾਸ਼ਾ ਬਣਦੀ ਹੈ।

## ਪੰਜਾਬੀ ਭਾਸ਼ਾ ਦੇ ਪਛਾਣ-ਚਿੰਨ੍ਹ (ਵਿਸ਼ੇਸ਼ਤਾਵਾਂ)

ਪੰਜਾਬੀ ਭਾਸ਼ਾ ਦੇ ਮੁਹਾਂਦਰੇ ਦੀ ਪਛਾਣ ਕਰਨ ਲਈ ਭਾਵੇਂ ਬਹੁਤ ਸਾਰੀਆਂ ਬਰੀਕ ਗੱਲਾਂ ਹਨ ਪਰ ਮੋਟੇ ਤੌਰ 'ਤੇ ਪੰਜਾਬੀ ਭਾਸ਼ਾ ਦੇ ਪੰਜ ਪਛਾਣ-ਚਿੰਨ੍ਹ ਹਨ ਜੋ ਇਸ ਨੂੰ ਗੁਆਂਢੀ ਬੋਲੀਆਂ ਨਾਲ਼ੋਂ ਨਿਖੇੜਦੇ ਹਨ।

(1) ਪਹਿਲਾ ਇਹ ਕਿ ਪੰਜਾਬੀ ਸੁਰਾਤਮਿਕ ਭਾਸ਼ਾ ਹੈ। ਸਾਡੇ ਪਾਸੇ ਦੋ ਸ਼ਬਦ ਹਨ 'ਚਾ' ਯਾਨੀ ਚਾਉ ਅਤੇ ਦੂਜਾ "ਚ੍ਹਾ" ਯਾਨੀ ਚਾਹ ਦੀ ਪੱਤੀ। ਚਾਹ ਦਾ ਹਾਹਾ ਅਸੀਂ ਪੂਰਾ ਨਹੀਂ ਬੋਲਦੇ। ਸਿਰਫ਼ ਸੁਰ ਜਾਂ ਟੋਨ ਹੀ ਬੋਲਦੇ ਹਾਂ। ਇਸ ਲਈ ਚ ਤੇ ਚ੍ਹਾ ਵਿੱਚ ਜੋ ਅਰਥ ਦਾ ਫ਼ਰਕ ਹੈ ਉਹ ਸੁਰ ਜਾਂ ਟੋਨ ਕਰਕੇ ਹੈ। ਇਹ ਵਿਸ਼ੇਸ਼ਤਾ ਹੋਰ ਕਿਸੇ ਭਾਰਤੀ ਭਾਸ਼ਾ ਵਿੱਚ ਨਹੀਂ। ਸੋ, ਟੋਨ ਜਾਂ ਸੁਰ ਪੰਜਾਬੀ ਦੀ ਪ੍ਰਮੁੱਖ ਵਿਸ਼ੇਸ਼ਤਾ ਹੈ।

(2) ਪੰਜਾਬੀ ਵਿੱਚ ਦੁੱਤੀਕਰਨ ਦੀ ਭਰਮਾਰ ਹੈ। ਅਕਸਰ ਅਸੀਂ ਲਿਖਤ ਵਿੱਚ ਅਧਕ ਪਾ ਕੇ ਦੁੱਤ ਧੁਨੀਆਂ ਹੀ ਉਚਾਰਦੇ ਹਾਂ (ਕਈ ਇਸ ਨੂੰ ਜੁੱਟ ਵਿਅੰਜਨ ਕਹਿੰਦੇ ਹਨ) ਜਿਵੇਂ ਦੁੱਧ, ਪੁੱਤ, ਵੱਗ, ਪੱਤਾ, ਮੱਥਾ, ਵੱਥ, ਨੱਕ, ਅੱਖ, ਆਦਿ। ਹਿੰਦੀ-ਉਰਦੂ ਵਿੱਚ ਇਹ ਸ਼ਬਦ ਦੂਧ, ਪੂਤ, ਪਤ੍ਰ, ਮਾਥਾ, ਵਸਤੂ, ਨਾਕ, ਆਂਖ ਆਦਿ ਬਣ ਜਾਂਦੇ ਹਨ।

(3) ਪੰਜਾਬੀ ਆਮ ਤੌਰ 'ਤੇ ਵਿਜੋਗਾਤਮਿਕ ਭਾਸ਼ਾ ਹੈ। ਪੰਜਾਬੀ ਦਾ ਹਰ ਸ਼ਬਦ ਵੱਖਰਾ-ਵੱਖਰਾ ਪਿਆ ਰਹਿੰਦਾ ਹੈ, ਜਿਵੇਂ

ਮੋਹਨ ਤੇ ਸੋਹਨ ਘਰ ਨੂੰ ਜਾਂਦੇ ਹਨ।

ਇਸ ਵਾਕ ਵਿੱਚ ਸੱਤ ਰੂਪ ਹਨ ਅਤੇ ਇਹ ਅੱਡੋ-ਅੱਡ ਪਏ ਹੋਣ ਕਰ ਕੇ ਵਿਜੋਗਾਤਮਿਕ ਹਨ ਪਰ ਕਿਤੇ-ਕਿਤੇ ਪੰਜਾਬੀ ਸੰਜੋਗਾਤਮਿਕ ਹੋ ਜਾਂਦੀ ਹੈ, ਜਿਵੇਂ

ਮੋਹਨ ਤੇ ਸੋਹਨ ਘਰੋਂ ਆਏ ਹਨ।

ਏਥੇ 'ਘਰੋਂ' ਵਿੱਚ ਦੋ ਰੂਪ ਹਨ 'ਘਰ' ਤੇ ਓਂ। ਇਹ ਦੋਵੇਂ ਸੰਜੁਗਤ ਹਨ। ਇਹ ਸੰਜੋਗਾਤਮਿਕ ਬਣਤਰ ਹੈ।

(4) ਪੰਜਾਬੀ ਪਿਛੇਤਰਾਤਮਿਕ ਭਾਸ਼ਾ ਹੈ। ਉਂਞ ਪੰਜਾਬੀ ਵਿੱਚ ਅਗੇਤਰ ਵੀ ਹਨ ਜਿਵੇਂ ਬੇਅਕਲ, ਬੇਈਮਾਨ, ਬੇਕਿਰਕ ਵਿੱਚ ਅਗੇਤਰ ਬੇ ਹੈ ਪਰ ਪਿਛੇਤਰ

Downloaded from https:// www.studiestoday.com

Downloaded from https:// www.studiestoday.com



ਬਹੁਤ ਵੱਡੀ ਗਿਣਤੀ ਵਿੱਚ ਹਨ। ਪੰਜਾਬੀ ਦੀ ਇੱਕ ਕਿਰਿਆ ਦਾ ਰੂਪ ਹੈ 'ਕਰਨਗੀਆਂ'। ਇਸ ਵਿਚ ਚਾਰ ਪਿਛੇਤਰ ਹਨ ਜੋ 'ਕਰ' ਨਾਲ਼ ਜੁੜੇ ਹਨ। 'ਕਰ' ਮੂਲ ਹੈ-

(1) ਕਰ (ਮੂਲ ਧਾਤੂ)

(2) ਅਨ (ਕਿਰਿਆ ਦਾ ਬਹੁਵਚਨ)

(3) ਗ (ਭਵਿੱਖਤ ਕਾਲ)

(4) ਈ (ਇਸਤਰੀ ਲਿੰਗ)

(5) ਆਂ (ਨਾਵੀਂ ਬਹੁਵਚਨ)

ਪੰਜਾਬੀ ਦੀ ਬਹੁਤੀ ਸ਼ਬਦਾਵਲੀ ਤਦਭਵ ਹੈ। ਕਿਸੇ ਬੋਲੀ ਦੇ ਹੂ-ਬਹੂ, ਅਨਵਿਗੜੇ, ਮੂਲ ਸ਼ਬਦ ਤਾਂ ਤਤਸਮ ਹੁੰਦੇ ਹਨ ਅਰਥਾਤ ਮੂਲ ਭਾਸ਼ਾ ਵਰਗੇ ਪਰ ਜਦੋਂ ਉਹਨਾਂ ਸ਼ਬਦਾਂ ਵਿੱਚ ਕੋਈ ਤਬਦੀਲੀ ਕੀਤੀ ਜਾਂਦੀ ਹੈ ਤਾਂ ਉਹ ਸ਼ਬਦ ਤਦਭਵ ਬਣ ਜਾਂਦੇ ਹਨ। ਪੰਜਾਬੀ ਬੋਲੀ ਦਾ ਇਹ ਆਮ ਸੁਭਾਅ ਹੈ ਕਿ ਉਹ ਮੂਲ ਭਾਸ਼ਾ ਦੇ ਸ਼ਬਦ ਨੂੰ ਆਪਣੇ ਅਨੁਕੂਲ ਬਦਲ ਕੇ ਵਰਤੋਂ ਵਿੱਚ ਲਿਆਉਂਦੀ ਹੈ। ਬਦਲੇ ਹੋਏ ਸ਼ਬਦ ਹੀ ਤਦਭਵ ਹੁੰਦੇ ਹਨ। ਪੰਜਾਬੀ ਵਿੱਚ ਅਜਿਹੇ ਤਦਭਵ ਸ਼ਬਦ ਢੇਰਾਂ ਦੇ ਢੇਰ ਹਨ। ਕੁਝ ਵੰਨਗੀਆਂ ਪੇਸ਼ ਹਨ।

| **ਮੂਲ ਤਤਸਮ ਸ਼ਬਦ** | **ਪੰਜਾਬੀ ਤਦਭਵ ਸ਼ਬਦ** |
|---|---|
| ਨਿਦ੍ਰਾ, ਵਕਸ਼ਿ | ਨੀਂਦ, ਵੱਖੀ |
| ਹਸਤ, ਭ੍ਰਮ | ਹੱਥ, ਭਰਮ |
| ਹ੍ਰਿਦਯ, ਸ਼ੋਕ | ਹਿਰਦਾ, ਸੋਗ |
| ਸਟੇਸ਼ਨ, ਸਾਈਕਲ | ਟੇਸ਼ਨ, ਸੈਕਲ |
| ਸ਼ਾਪ, ਵਰਗ | ਸਰਾਪ, ਵੱਗ |

## ਪੰਜਾਬੀ ਦੀਆਂ ਉਪਬੋਲੀਆਂ

ਪੰਜਾਬ ਦੇ ਵੱਖਰੇ-ਵੱਖਰੇ ਇਲਾਕਿਆਂ ਦੇ ਅਨੁਸਾਰ ਪੰਜਾਬੀ ਭਾਸ਼ਾ ਦੀਆਂ ਵੀ ਵੱਖਰੀਆਂ-ਵੱਖਰੀਆਂ ਵੰਨਗੀਆਂ ਹਨ, ਜਿਨ੍ਹਾਂ ਨੂੰ ਉਪਬੋਲੀਆਂ ਕਿਹਾ ਜਾਂਦਾ ਹੈ। "ਬੋਲੀ ਬਾਰ੍ਹੀਂ ਕੋਹੀਂ ਬਦਲ ਜਾਂਦੀ ਹੈ।" ਇਸ ਕਹਾਵਤ ਅਨੁਸਾਰ ਪੰਜਾਬੀ-ਬੋਲੀ ਪੜਾਅ-ਦਰ-ਪੜਾਅ ਬਦਲਦੀ ਜਾਂਦੀ ਹੈ। ਭਾਵੇਂ ਪੰਜਾਬੀ ਦਾ ਲਿਖਤੀ ਸਾਹਿਤਿਕ ਰੂਪ ਸਾਂਝਾ ਹੈ ਪਰ ਪੰਜਾਬੀ ਦੇ ਬੋਲ-ਚਾਲੀ ਰੂਪ ਇਲਾਕਿਆਂ ਮੁਤਾਬਕ ਵੱਖ-ਵੱਖ ਹਨ। ਇਸ ਕਾਰਨ ਪੰਜਾਬੀ ਦੀਆਂ ਕਈ ਉਪਬੋਲੀਆਂ ਹਨ, ਜਿਨ੍ਹਾਂ

Downloaded from https:// www.studiestoday.com

Downloaded from https:// www.studiestoday.com



ਦੀ ਗਿਣਤੀ ਚੋਖੀ ਹੈ। ਸਹੂਲਤ ਵਾਸਤੇ ਪੰਜਾਬੀ ਉਪਬੋਲੀਆਂ ਦੇ ਤਿੰਨ ਦਾਇਰੇ ਰੱਖੇ ਜਾ ਸਕਦੇ ਹਨ ਜੋ ਇਉਂ ਹਨ।

(1) ਭਾਰਤੀ ਪੰਜਾਬੀ (ਪੂਰਬੀ ਪੰਜਾਬੀ) ਦੀਆਂ ਉਪਬੋਲੀਆਂ :

ਮਾਝੀ, ਮਲਵਈ, ਦੁਆਬੀ, ਪੁਆਧੀ

(2) ਪਾਕਿਸਤਾਨੀ ਪੰਜਾਬੀ (ਲਹਿੰਦੀ/ਪੱਛਮੀ ਪੰਜਾਬੀ) ਦੀਆਂ ਉਪਬੋਲੀਆਂ:

ਮੁਲਤਾਨੀ, ਪੋਠੋਹਾਰੀ, ਹਿੰਦਕੋ। ਝਾਂਗੀ ਜਾਂ 'ਬਾਰ ਦੀ ਬੋਲੀ', ਧੰਨੀ, ਅਵਾਣਕਾਰੀ ਉਪਬੋਲੀਆਂ ਮੁਲਤਾਨੀ-ਪੋਠੋਹਾਰੀ ਦੇ ਅੰਤਰਗਤ ਹੀ ਹਨ। ਮੁਲਤਾਨੀ ਦੇ ਘੇਰੇ ਵਿੱਚ ਸਿਰਾਇਕੀ ਨਾਂ ਵੀ ਪ੍ਰਚਲਿਤ ਹੈ।

(3) ਪਹਾੜੀ ਪੰਜਾਬੀ ਦੀਆਂ ਉਪਬੋਲੀਆਂ :

ਪੁਣਛੀ, ਕਾਂਗੜੀ, ਡੋਗਰੀ (ਜੰਮੂਆਲੀ)। ਹੁਣ ਡੋਗਰੀ ਨੂੰ ਪੰਜਾਬੀ ਦੀ ਉਪਭਾਸ਼ਾ ਨਾ ਮੰਨ ਕੇ ਵੱਖਰੀ ਭਾਸ਼ਾ ਮੰਨਿਆ ਗਿਆ ਹੈ।

**ਮਾਝੀ**

ਸੰਯੁਕਤ ਪੰਜਾਬ ਦੇ ਮੱਧ-ਵਿਚਕਾਰ ਹੋਣ ਕਰ ਕੇ ਮਾਝੀ ਨੂੰ ਕੇਂਦਰੀ ਪੰਜਾਬੀ ਬੋਲੀ ਮੰਨਿਆ ਜਾਂਦਾ ਹੈ। ਮਾਝੀ ਜ਼ਿਲ੍ਹਾ ਅੰਮ੍ਰਿਤਸਰ, ਗੁਰਦਾਸਪੁਰ, ਤਰਨ ਤਾਰਨ, ਪਠਾਨਕੋਟ ਤੇ ਲਾਹੌਰ (ਪਾਕਿਸਤਾਨ), ਨਾਰੋਵਾਲ, ਸਿਆਲਕੋਟ ਦੇ ਖੇਤਰਾਂ ਵਿੱਚ ਬੋਲੀ ਜਾਂਦੀ ਹੈ। ਦੇਸ-ਵੰਡ ਤੋਂ ਪਹਿਲਾਂ ਲਿਖਤੀ ਤੇ ਟਕਸਾਲੀ ਪੰਜਾਬੀ ਦਾ ਮਾਝੀ ਬੋਲੀ ਹੀ ਆਧਾਰ ਸੀ। ਮਾਝੀ ਬੋਲੀ ਦੇ ਕਈ ਠੇਠ ਵੰਨਗੀ ਸ਼ਬਦ ਰੂਪ ਵੇਖੇ ਜਾ ਸਕਦੇ ਹਨ ਜਿਹੜੇ ਬੋਲ-ਚਾਲੀ ਪੱਧਰ 'ਤੇ ਵਿਚਰਦੇ ਹਨ, ਜਿਵੇਂ

ਅੱਖੀਂ ਡਿੱਠਾ, ਹੱਥੀਂ ਕੀਤਾ, ਕੋਠਿਓਂ ਢੱਠਾ (ਵਾਕਾਂਸ਼)

ਕੀ ਕਰਨ ਡਏ ਓ? ਕਿੱਥੇ ਜਾਣ ਡਿਆ ਏ?

ਕੀ ਆਖਿਆ ਈ? ਕੀ ਆਖਿਆ ਜੇ?

ਕੀ ਆਖਿਆ ਸੂ? ਕੀ ਆਖਿਆ ਨੇ?

**ਮਲਵਈ**

ਮਲਵਈ ਮਾਲਵੇ ਦੇ ਇਲਾਕੇ ਦੀ ਬੋਲੀ ਹੈ। ਮਲਵਈ ਜ਼ਿਲ੍ਹਾ ਫਿਰੋਜ਼ਪਰ, ਫਰੀਦਕੋਟ, ਬਠਿੰਡਾ, ਲੁਧਿਆਣਾ, ਮਾਨਸਾ, ਸ੍ਰੀ ਮੁਕਤਸਰ ਸਾਹਿਬ, ਫਾਜ਼ਿਲਕਾ, ਮੋਗਾ, ਬਰਨਾਲਾ, ਸੰਗਰੂਰ ਤੇ ਪਟਿਆਲੇ ਦੇ ਪੱਛਮੋਤਰੀ ਹਿੱਸੇ ਵਿੱਚ ਬੋਲੀ ਜਾਂਦੀ ਹੈ। ਪਹਿਲੇ-ਪਹਿਲ ਅੰਗਰੇਜ਼ਾਂ ਨੇ ਮਲਵਈ ਬੋਲੀ ਵਿੱਚ ਹੀ ਆਪਣੀਆਂ ਕਿਤਾਬਾਂ ਛਾਪੀਆਂ ਸਨ। ਮਲਵਈ ਬੋਲੀ ਦੇ ਕਈ ਠੇਠ ਸ਼ਬਦ ਤੇ ਵਾਕ ਵੇਖੇ ਜਾ ਸਕਦੇ ਹਨ ਜਿਵੇਂ: ਥੋਨੂੰ, ਥਾਆਤੋਂ, ਥੋਡੇ, ਥੁਆਡਾ (ਪੜਨਾਂਵ) ਜਮਾ ਈਂ, ਮਖਿਆ,

Downloaded from https:// www.studiestoday.com

Downloaded from https:// www.studiestoday.com



ਬਗ ਜਾ (ਵਾਕਾਂਸ਼) ਬਚਨੇ ਕੇ ਘਰੇ, ਰਾਮੂ ਕਿਆਂ ਦਾ ਅਗਵਾੜ (ਕੇ, ਕੀ, ਕਿਆ, ਕੀਆਂ ਸੰਬੰਧਕ ਹਨ।

## ਦੁਆਬੀ

ਦੁਆਬੀ ਜ਼ਿਲ੍ਹਾ ਜਲੰਧਰ, ਕਪੂਰਥਲਾ, ਹੁਸ਼ਿਆਰਪੁਰ ਤੇ ਸ਼ਹੀਦ ਭਗਤ ਸਿੰਘ ਨਗਰ ਵਿੱਚ ਬੋਲੀ ਜਾਂਦੀ ਹੈ। ਮਿਆਰੀ ਦੁਆਬੀ ਜਲੰਧਰ-ਹੁਸ਼ਿਆਰਪੁਰ ਦੇ ਆਲ਼ੇ-ਦੁਆਲ਼ੇ ਬੋਲੀ ਜਾਂਦੀ ਹੈ। ਬਾਹਰਲੇ ਘੇਰੇ ਦੀ ਦੁਆਬੀ ਉੱਤੇ, ਮਾਝੀ, ਮਲਵਈ, ਪੁਆਧੀ, ਕਾਂਗੜੀ ਦਾ ਰਲ਼ਾ ਹੈ। ਚੋ, ਚੋਈ, ਗੇਝੜਾ, ਘਿਰੜਾ, ਲੋਹਾਂਡਾ, ਖਰਕਾ, ਢੂਣਮਢੂਣੀ, ਘੇ, ਪੇ, ਸੇ ਆਦਿ ਦੁਆਬੀ ਦੇ ਠੇਠ ਸ਼ਬਦ-ਰੂਪ ਹਨ, ਬੌਲ਼ਦ ਮਾਰਖੰਡ ਆ, ਰੰਗ ਗੋਰਾ ਆ, ਮੁੱਲ ਜਾਂਦਾ ਆ, ਦੁਆਬੀ ਬੋਲੀ ਦੇ ਠੇਠ ਵਾਕ ਹਨ।

## ਪੁਆਧੀ ਦਾ ਖੇਤਰ

ਜ਼ਿਲ੍ਹਾ ਰੂਪਨਗਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਜ਼ਿਲ੍ਹਾ ਪਟਿਆਲਾ ਦਾ ਪੂਰਬੀ ਪਾਸਾ, ਰਾਜਪੁਰਾ ਤਹਿਸੀਲ, ਜ਼ਿਲ੍ਹਾ ਲੁਧਿਆਣਾ ਦੀ ਸਤਲੁਜ ਨਾਲ਼ ਲੱਗਦੀ ਗੁੱਠ, ਤਹਿਸੀਲ ਨਾਰਾਇਣਗੜ੍ਹ ਤੇ ਜੀਂਦ ਦੇ ਕੁਝ ਪਿੰਡ ਹਨ। ਪੁਆਧੀ ਵਿੱਚ ਮਲਵਈ ਤੇ ਬਾਂਗਰੂ ਦਾ ਕਾਫ਼ੀ ਰਲ਼ਾ ਹੈ। ਪੁਆਧੀ ਦੀਆਂ ਵੰਨਗੀਆਂ ਹਮੇਂ ਥਮੇਂ, ਮ੍ਹਾਰੇ, ਥਾਰੇ ਮ੍ਹਾਨੂੰ, ਥਮਾਨੂੰ, ਇਯੋ, ਇਥ, ਗੈਲ-ਗੈਲ, ਵਿੱਚ ਮਾ (ਠੇਠ ਸ਼ਬਦ-ਰੂਪ), ਹਾੜ ਕੀਆਂ ਫਸਲਾਂ ਜਦ ਪਕ ਚੁਕਾਂ ਤਾਂ ਇਯੇ ਮੇਲਾ ਭਰਾ ਅਰ ਇਸ ਮਾ ਆ ਕੇ ਸੁੱਖਣੇ ਤਾਰਾਂ (ਵਾਕ-ਵਰਤੋਂ)।

## ਮੁਲਤਾਨੀ

ਮੁਲਤਾਨੀ ਨੂੰ ਪਾਕਿਸਤਾਨੀ ਪੰਜਾਬੀ ਦਾ ਮਿਆਰੀ ਰੂਪ ਮੰਨਿਆ ਜਾਂਦਾ ਹੈ। ਮੁਲਤਾਨੀ ਨੂੰ ਤੇ ਹੋਰ ਪਾਕਿਸਤਾਨੀ ਪੰਜਾਬੀ ਉਪਬੋਲੀਆਂ ਨੂੰ ਮਿਲਾ ਕੇ "ਲਹਿੰਦੀ" ਵੀ ਕਿਹਾ ਜਾਂਦਾ ਹੈ। ਜਟਕੀ, ਸਰਾਇਕੀ, ਝਾਂਗੀ, ਬਾਰ ਦੀ ਬੋਲੀ, ਸ਼ਾਹਪੁਰੀ, ਬਹਾਵਲਪੁਰੀ ਆਦਿ ਬੋਲੀਆਂ ਮੁਲਤਾਨੀ ਦੇ ਅੰਤਰਗਤ ਹੀ ਹਨ। ਮੁਲਤਾਨੀ ਉੱਤੇ ਸਿੰਧੀ ਦਾ ਅਸਰ ਹੈ। ਮੁਲਤਾਨੀ ਜ਼ਿਲ੍ਹਾ ਮੁਲਤਾਨ, ਮੁਜ਼ਫਰਗੜ੍ਹ, ਡੇਰਾ ਗਾਜ਼ੀ ਖਾਂ, ਝੰਗ, ਰਿਆਸਤ ਬਹਾਵਲਪੁਰ, ਸ਼ਾਹਪੁਰ ਵਿੱਚ ਬੋਲੀ ਜਾਂਦੀ ਹੈ। ਮੁਲਤਾਨੀ ਦੀਆਂ ਖ਼ਾਸ ਵੰਨਗੀਆ ਹਨ। ਮੈਂਡਾ, ਤੈਂਡਾ ਮੈਕੂੰ, ਤੈਨੂੰ (ਪੜਨਾਂਵ), ਆਵਸਾਂ, ਆਵਸੀ ਆਵਸਣ ਮਾਰਿਉਸ, ਮਾਰਿਐਲੈ (ਕਿਰਿਆ ਰੂਪ), ਘਿਨ, ਵੰਞ, ਕੇ ਕਰੇਂਦਾ ਈ (ਵਾਕ)।

## ਪੋਠੋਹਾਰੀ

ਪਾਕਿਸਤਾਨ ਦੇ ਪੋਠੋਹਾਰ ਇਲਾਕੇ ਦੀ ਬੋਲੀ ਹੈ। ਇਹ ਜਿਹਲਮ ਤੇ ਰਾਵਲਪਿੰਡੀ ਜ਼ਿਲ੍ਹਿਆਂ ਵਿੱਚ ਬੋਲੀ ਜਾਂਦੀ ਹੈ। ਧੰਨੀ, ਅਵਾਣਕਾਰੀ, ਘੇਬੀ ਇਸ

Downloaded from https:// www.studiestoday.com

Downloaded from https:// www.studiestoday.com



ਦੀਆਂ ਹੋਰ ਨਿਮਨ ਬੋਲੀਆਂ ਹਨ। ਭਾਸ਼ਾਈ ਖ਼ਾਸ ਵਿਸ਼ੇਸ਼ਤਾਵਾਂ ਕਾਫ਼ੀ ਹਨ– ਮਿੱਘੀ, ਤੁੱਘੀ (ਮੈਨੂੰ, ਤੈਨੂੰ) ਮਾੜਾ, ਸਾੜ੍ਹਾ (ਮੇਰਾ, ਸਾਡਾ) ਵੱਖਰੇ ਪੜਨਾਂਵ ਹਨ। ਦਾ, ਦੀ, ਦੇ, ਦੀ ਥਾਂ ਨਾ, ਨੀ, ਨੇ ਸੰਬੰਧਕ ਹਨ। (ਮਹਿੰਦਰੇ ਨੀ ਰੋਟੀ), ਮੱਝੀ ਕੀ ਗੁਤਾਵਾ ਪਾ (ਮੱਝ ਨੂੰ ਗੁਤਾਵਾ ਪਾ) ਅਧਕ ਦਾ ਬਹੁਤ ਜ਼ੋਰ ਹੈ– ਰੱਤਾ, ਪੱਤਾ, ਰਤਾ, ਪਤਾ, ਹਾਹਾ, ਜੋੜਨ ਦੀ ਰੁਚੀ–ਹਿੱਕ, ਹਿੱਥੇ, ਹਿੰਗ, ਹੱਸ, ਹਿੱਸ (ਇੱਕ ਇੱਥੇ, ਇੰਜ, ਉਸ, ਇਸ)। ਕਨੌੜਾ ਦੀ ਥਾਂ ਹੋੜੇ ਦੀ ਵਰਤੋਂ ਹੈ–ਪੋੜੀ, ਕੋਲੀ, ਚੋਲ (ਪੌੜੀ, ਕੌਲ਼ੀ, ਚੌਲ਼)।

## ਹਿੰਦਕੋ

ਪਾਕਿਸਤਾਨ ਪੰਜਾਬ ਦੇ ਪੱਛਮ–ਉੱਤਰੀ ਕਿਨਾਰੇ 'ਤੇ ਬੋਲੀ ਜਾਂਦੀ ਹੈ। ਇਸ ਵਿੱਚ ਪਸ਼ਤੋ ਦਾ ਰਲ਼ਾ ਹੈ।

ਪਹਾੜੀ ਪੰਜਾਬੀ ਦੀ ਕਾਂਗੜੀ ਬੋਲੀ ਜ਼ਿਲ੍ਹਾ ਕਾਂਗੜਾ (ਹਿਮਾਚਲ) ਵਿੱਚ ਬੋਲੀ ਜਾਂਦੀ ਹੈ ਅਤੇ ਪੁਣਛੀ ਕਸ਼ਮੀਰ ਵਾਦੀ ਦੇ ਪੁਣਛ ਇਲਾਕੇ ਵਿੱਚ ਚਾਲੂ ਹੈ। ਜੰਮੂਆਲੀ (ਡੋਗਰੀ) ਜੰਮੂ ਦੀ ਬੋਲੀ ਹੈ, ਜਿਸ ਨੂੰ ਹੁਣ ਵੱਖਰੀ ਭਾਸ਼ਾ ਦੇ ਤੌਰ 'ਤੇ ਉੱਨਤ ਕੀਤਾ ਜਾ ਰਿਹਾ ਹੈ।

ਇਸ ਤੋਂ ਇਲਾਵਾ ਰਾਠੀ ਤੇ ਭਟਿਆਣੀ ਪੰਜਾਬੀ ਦੀਆਂ ਦੋ ਹੋਰ ਉਪ– ਬੋਲੀਆਂ ਹਨ। ਪੁਆਧੀ ਦੇ ਦੱਖਣ ਵੱਲ ਮਲਵਈ ਦੇ ਦੱਖਣੀ ਪਾਸੇ ਅਤੇ ਘੱਗਰ ਨਦੀ ਦੇ ਇਲਾਕੇ ਵਿੱਚ ਪੱਚਾਧੇ ਰਾਠ ਮੁਸਲਮਾਨਾਂ ਦੀ ਬੋਲੀ ਰਾਠੀ ਪੰਜਾਬੀ ਸੀ ਪਰ ਹੁਣ ਰਾਠ ਪਾਕਿਸਤਾਨ ਚਲੇ ਗਏ। ਭਟਿਆਣੀ ਪੰਜਾਬੀ ਬੋਲਦੇ ਭੱਟੀ ਮੁਸਲਮਾਨ ਰਾਜਪੂਤਾਂ ਦੀ ਬੋਲੀ ਸੀ। ਇਹ ਫ਼ਿਰੋਜ਼ਪੁਰ ਵਿੱਚ ਸਤਲੁਜ ਦੇ ਖੱਬੇ ਪਾਸੇ ਦੇ ਕੰਢੇ 'ਤੇ ਅਤੇ ਬੀਕਾਨੇਰ ਦੇ ਪੱਛਮੋਤਰ ਵਿੱਚ ਬੋਲੀ ਜਾਂਦੀ ਸੀ। ਹੁਣ ਰਾਠੀ ਤੇ ਭਟਿਆਣੀ ਦੋਵੇਂ ਜਜ਼ਬ ਹੋ ਗਈਆਂ ਹਨ।

## ਪੰਜਾਬੀ ਉੱਤੇ ਹੋਰਨਾਂ ਬੋਲੀਆਂ ਦਾ ਪ੍ਰਭਾਵ

ਭਾਵੇਂ ਪੰਜਾਬੀ ਭਾਸ਼ਾ ਦਾ ਆਪਣਾ ਨਿੱਜੀ ਸੰਗਠਨ ਹੈ ਪਰ ਇਸ ਉੱਤੇ ਹੋਰਨਾਂ ਬੋਲੀਆਂ ਦੇ ਕਾਫ਼ੀ ਪ੍ਰਭਾਵ ਪੈਂਦੇ ਰਹੇ ਹਨ। ਭਾਰਤ–ਪਾਕ ਦਾ ਸਾਂਝਾ ਪੰਜਾਬ ਇੱਕ ਅਜੇਹੀ ਗੁੱਠ ਵਿੱਚ ਵਸਦਾ ਹੈ, ਜਿਥੇ ਇੱਕ ਤਾਂ ਬਹੁਤ ਪੁਰਾਣੇ ਜ਼ਮਾਨੇ ਵਿੱਚ ਆਦਿ–ਵਾਸੀ ਕਬੀਲੇ ਰਹਿੰਦੇ ਸਨ। ਆਦਿ–ਵਾਸੀਆਂ ਦੇ ਮੁੰਡਾ ਕਬੀਲੇ ਤੇ ਦ੍ਰਾਵਿੜੀ ਜਾਤੀਆਂ ਖ਼ਾਸ ਵਰਨਣਯੋਗ ਹਨ। ਮੁੰਡਾ ਬੋਲੀਆਂ 'ਤੇ ਦ੍ਰਾਵਿੜੀ ਬੋਲੀਆਂ ਦੇ ਪ੍ਰਭਾਵ ਅੱਜ ਵੀ ਲੱਭੇ ਜਾ ਸਕਦੇ ਹਨ ਅਤੇ ਦੂਜਾ ਬਾਹਰੋਂ ਆਏ ਜਰਵਾਣੇ ਹਮਲਾਵਰ ਪੰਜਾਬ ਨੂੰ ਸਮੇਂ–ਸਮੇਂ ਬੁਰੀ ਤਰ੍ਹਾਂ ਲਿਤਾੜਦੇ ਰਹੇ। ਇਹਨਾਂ ਹਮਲਾਵਰਾਂ ਦੀਆਂ ਬੋਲੀਆਂ ਜਿਵੇਂ ਈਰਾਨੀ, ਯੂਨਾਨੀ, ਤੁਰਕੀ, ਅਰਬੀ, ਫ਼ਾਰਸੀ, ਪੁਰਤਗਾਲੀ ਤੇ ਅੰਗਰੇਜ਼ੀ ਆਦਿ ਨੇ ਪੰਜਾਬੀ ਉੱਤੇ ਢੇਰ ਅਸਰ ਪਾਇਆ

Downloaded from https:// www.studiestoday.com

Downloaded from https:// www.studiestoday.com



ਹੈ। ਮੁਸਲਮਾਨਾਂ ਦੀ ਹਕੂਮਤ ਵੇਲ਼ੇ ਪੰਜਾਬੀ ਭਾਸ਼ਾ ਦਾ ਅਰਬੀ, ਫ਼ਾਰਸੀ ਬੋਲੀਆਂ ਨਾਲ਼ ਲਗ-ਪਗ 800 ਸਾਲ ਵਾਸਤਾ ਪੈਂਦਾ ਰਿਹਾ। ਇਸ ਕਰਕੇ ਰਾਜ-ਪ੍ਰਬੰਧ ਤੇ ਸੈਨਾ ਸੰਬੰਧੀ ਅਰਬੀ-ਫ਼ਾਰਸੀ ਦੇ ਹਜ਼ਾਰਾਂ ਸ਼ਬਦ ਪੰਜਾਬੀ ਭਾਸ਼ਾ ਵਿੱਚ ਰਚ-ਮਿਚ ਗਏ ਜਿਵੇਂ ਬਾਦਸ਼ਾਹ, ਵਜ਼ੀਰ, ਵਕੀਲ, ਅਰਦਲੀ, ਸਿਪਾਹੀ, ਥਾਣੇਦਾਰ, ਤੀਰ-ਕਮਾਨ, ਨੇਜ਼ਾ, ਬੰਦੂਕ, ਤੋਪ ਆਦਿ। ਇਸ ਤੋਂ ਬਿਨ੍ਹਾਂ ਧਰਮ, ਖਾਣ-ਪੀਣ, ਪਹਿਨ-ਪਹਿਰਾਵਾ, ਗਹਿਣੇ- ਟੂੰਬਾਂ, ਇਮਾਰਤ, ਹਿਕਮਤ ਤੇ ਸਾਹਿਤ ਵਿੱਚ ਵੀ ਅਰਬੀ-ਫ਼ਾਰਸੀ ਦਾ ਬਹੁਤ ਪ੍ਰਭਾਵ ਹੈ ਪਰ ਜਦੋਂ ਅੰਗਰੇਜ਼ੀ ਭਾਸ਼ਾ ਆਈ ਤਾਂ ਅਰਬੀ-ਫ਼ਾਰਸੀ ਦੇ ਪ੍ਰਭਾਵ ਨੂੰ ਠੱਲ੍ਹ ਪੈ ਗਈ। ਉਦੋਂ ਪੰਜਾਬ ਵਿੱਚ ਇਹ ਕਹਾਵਤ ਮਸ਼ਹੂਰ ਹੋ ਗਈ-

"ਪੜ੍ਹੇ ਫ਼ਾਰਸੀ ਵੇਚੇ ਤੇਲ। ਵੇਖੋ ਇਹ ਕਿਸਮਤ ਦਾ ਖੇਲ੍ਹ।"

ਫੇਰ ਅੰਗਰੇਜ਼ਾਂ ਦੇ ਰਾਜ-ਭਾਗ ਵੇਲ਼ੇ ਅੰਗਰੇਜ਼ੀ ਬੋਲੀ ਆਈ ਜੋ ਪੰਜਾਬ ਨਾਲ਼ ਸੌ ਸਾਲਾਂ ਤੱਕ ਸੰਬੰਧਿਤ ਰਹੀ ਅਤੇ ਹੁਣ ਅੰਗਰੇਜ਼ਾਂ ਦੇ ਚਲੇ ਜਾਣ ਤੋਂ ਬਾਅਦ ਵੀ ਅੰਗਰੇਜ਼ੀ ਬੋਲੀ ਦਾ ਪ੍ਰਭਾਵ ਬਦਸਤੂਰ ਜਾਰੀ ਹੈ। ਕੀ ਪੜ੍ਹੇ, ਕੀ ਅਨਪੜ੍ਹੇ ਸਾਰਿਆਂ ਦੀ ਜ਼ਬਾਨ ਵਿੱਚ ਅੰਗਰੇਜ਼ੀ ਦਾ ਅਸਰ ਹੈ ਪਰ ਇਸ ਦੇ ਨਾਲ਼-ਨਾਲ਼ ਅੱਜ-ਕੱਲ੍ਹ ਹੋਰ ਪ੍ਰਭਾਵ ਪੈਣਾ ਸ਼ੁਰੂ ਹੋ ਗਿਆ ਹੈ। ਭਾਰਤੀ ਪੰਜਾਬੀ ਵਿੱਚ ਹਿੰਦੀ-ਸੰਸਕ੍ਰਿਤ ਬੋਲੀਆਂ ਦਾ ਰਸੂਖ਼ ਵੱਧ ਰਿਹਾ ਹੈ ਅਤੇ ਉੱਧਰ ਅਰਬੀ-ਫ਼ਾਰਸੀ-ਉਰਦੂ, ਪਾਕਿਸਤਾਨੀ ਪੰਜਾਬੀ ਉੱਤੇ ਅਸਰ ਪਾ ਰਹੀਆਂ ਹਨ।

## ਪੰਜਾਬੀ ਭਾਸ਼ਾ ਤੇ ਪੰਜਾਬੀ ਸੱਭਿਆਚਾਰ

ਜੇਕਰ ਗਹੁ ਨਾਲ਼ ਵੇਖੀਏ ਤਾਂ ਸਾਰੀਆਂ ਵਿਦੇਸ਼ੀ ਨਸਲਾਂ ਅਤੇ ਵਿਦੇਸ਼ੀ ਬੋਲੀਆਂ ਦੇ ਨਿਸ਼ਾਨ ਪੰਜਾਬੀ ਭਾਸ਼ਾ ਅਤੇ ਪੰਜਾਬੀ ਸੱਭਿਆਚਾਰ ਵਿੱਚ ਅੱਜ ਵੀ ਉਪਲਬਧ ਹਨ। ਪੰਜਾਬੀ ਵਿੱਚ ਅਜੇਹੇ ਸ਼ਬਦਾਂ ਦੀਆਂ ਲੜੀਆਂ ਮਿਲ਼ਦੀਆਂ ਹਨ ਜੋ ਅੱਡ-ਅੱਡ ਸੱਭਿਆਚਾਰਾਂ ਦੇ ਨਿਸ਼ਾਨ ਪੇਸ਼ ਕਰ ਰਹੀਆਂ ਹਨ। ਮਿਸਾਲ ਦੇ ਤੌਰ 'ਤੇ ਪੰਜਾਬੀ ਬੋਲੀ ਵਿੱਚ :

ਛਿੱਤਰ, ਲਿੱਤਰ, ਖੌਂਸੜੇ, ਜੁੱਤ-ਪਤਾਣ, ਮੌਜੇ, ਬੂਟ, ਜੋੜੇ।

ਇਹ ਕਈ ਸ਼ਬਦ ਹਨ, ਜੋ ਇਕੋ ਸ਼ੈ ਲਈ ਵਰਤੇ ਜਾਂਦੇ ਹਨ। ਇਹ ਸ਼ਬਦ ਅੱਡੋ-ਅੱਡ ਮੁੰਡਾ ਭਾਸ਼ਾ, ਦ੍ਰਾਵਿੜੀ ਭਾਸ਼ਾ, ਆਰੀਆ ਭਾਸ਼ਾ, ਫ਼ਾਰਸੀ, ਅੰਗਰੇਜ਼ੀ ਤੋਂ ਪੰਜਾਬੀ ਵਿੱਚ ਆਏ ਹਨ ਜਿਹੜੇ ਪੰਜਾਬੀ ਨੇ ਹਜ਼ਮ ਕਰ ਲਏ ਹਨ। ਇਸੇ ਤਰ੍ਹਾਂ "ਲੜਕੇ" ਵਾਸਤੇ ਪ੍ਰਚਲਿਤ ਪੰਜਾਬੀ ਸ਼ਬਦਾਂ ਦੀ ਇੱਕ ਹੋਰ ਲੜੀ ਹੈ ਗੀਗਾ, ਮੁੰਡਾ, ਜਾਤਕ, ਨਿਆਣਾ, ਬੱਚਾ, ਬਾਲ, ਛੋਹਰਾ, ਬੂਜਾ, ਨੱਢਾ, ਛੋਕਰਾ, ਲੜਕਾ, ਕਾਕਾ ਆਦਿ। ਇਹ ਗਿਆਰ੍ਹਾਂ ਸਮਾਨਾਰਥਕ ਸ਼ਬਦ ਹਨ ਪਰ ਸਾਰੇ ਵੱਖ-ਵੱਖ ਬੋਲੀਆਂ ਤੇ ਸੱਭਿਆਚਾਰ ਤੋਂ ਆਏ ਹਨ। ਇਹ ਸ਼ਬਦ ਇਸ ਗੱਲ ਦੀ ਗਵਾਹੀ ਦਿੰਦੇ ਹਨ ਕਿ ਪੰਜਾਬ ਨਾਲ਼ ਇਹਨਾਂ ਵਿਦੇਸ਼ੀ ਸੱਭਿਆਚਾਰਾਂ ਦਾ ਕਿਸੇ

Downloaded from https:// www.studiestoday.com

Downloaded from https:// www.studiestoday.com



ਨਾ ਕਿਸੇ ਵੇਲ਼ੇ ਮੇਲ਼-ਜੋਲ਼ ਜ਼ਰੂਰ ਹੋਇਆ ਹੈ ਜਿਸ ਕਰ ਕੇ ਵਿਦੇਸ਼ੀ ਸ਼ਬਦ ਪੰਜਾਬੀ ਬੋਲੀ ਵਿੱਚ ਦਾਖ਼ਲ ਹੋਏ ਹਨ। ਦੂਸਰੇ ਸੱਭਿਆਚਾਰਾਂ ਨੇ ਪੰਜਾਬੀ ਸੱਭਿਆਚਾਰ ਨੂੰ ਹੋਰ ਅਮੀਰ ਕੀਤਾ ਹੈ। ਪੰਜਾਬੀ ਸੱਭਿਆਚਾਰ ਇੱਕ ਸਾਂਝਾ ਸੱਭਿਆਚਾਰ ਹੈ, ਜਿਸ ਦੀ ਮੂੰਹ ਬੋਲਦੀ ਤਸਵੀਰ ਸਾਡੀ ਪੰਜਾਬੀ ਬੋਲੀ ਪੇਸ਼ ਕਰਦੀ ਹੈ।

ਨਿਸਚੇ ਹੀ ਪੰਜਾਬੀ ਬੋਲੀ ਵਿੱਚ ਪੰਜਾਬੀ ਸੱਭਿਆਚਾਰ ਸਮਾਇਆ ਹੋਇਆ ਹੈ।

**ਔਖੇ ਸ਼ਬਦਾਂ ਦੇ ਅਰਥ** :

ਮਹਿਮਾ-ਵਡਿਆਈ। ਵਿਸ਼ਾਲ-ਵੱਡਾ। ਸਨਮਾਨ-ਆਦਰ, ਸਤਿਕਾਰ। ਬਲਵਾਨ-ਤਾਕਤਵਰ। ਸੱਭਿਆਚਾਰ-ਸ੍ਰੇਸ਼ਟ ਜੀਵਨ-ਜਾਚ, ਸੰਸਕ੍ਰਿਤੀ। ਨਵੇਕਲੀ-ਵੱਖਰੀ। ਵਿਲੱਖਣ-ਅਨੋਖਾ, ਵੱਖਰੀ ਕਿਸਮ ਦਾ। ਪ੍ਰਪੰਚ-ਅਡੰਬਰ, ਦਿਖਾਵਾ। ਦੁੱਤੀਕਰਨ- ਅਵਾਜ਼ ਦੁੱਗਣੀ ਕਰਨਾ। ਤਤਸਮ-ਮੂਲ ਸਰੂਪ ਵਾਲ਼ਾ ਸ਼ਬਦ। ਤਦਭਵ-ਬਦਲਿਆ ਰੂਪ। ਟਕਸਾਲੀ-ਪ੍ਰਮਾਣਿਕ। ਬੂਜਾ-ਲੜਕਾ।

## ਅਭਿਆਸ

1. ਪੰਜਾਬੀ ਭਾਸ਼ਾ ਦੇ ਮਹੱਤਵ ਤੇ ਇਸ ਦੇ ਇਤਿਹਾਸ ਸੰਬੰਧੀ ਸੰਖੇਪ ਜਾਣਕਾਰੀ ਦਿਓ।
2. ਪੰਜਾਬੀ ਭਾਸ਼ਾ ਕਿਹੜੇ-ਕਿਹੜੇ ਖੇਤਰਾਂ ਵਿੱਚ ਬੋਲੀ ਜਾਂਦੀ ਹੈ, ਸਪਸ਼ਟ ਕਰ ਕੇ ਲਿਖੋ।
3. ਪੰਜਾਬੀ ਭਾਸ਼ਾ ਦੀਆਂ ਧੁਨੀਆਂ ਬਾਰੇ ਚਾਨਣਾ ਪਾਓ।
4. ਪੰਜਾਬੀ ਭਾਸ਼ਾ ਦੇ ਪਛਾਣ ਚਿੰਨ੍ਹ (ਵਿਸ਼ੇਸ਼ਤਾਵਾਂ) ਕਿਹੜੇ-ਕਿਹੜੇ ਹਨ ?
5. ਪੰਜਾਬੀ ਦੀਆਂ ਉਪਬੋਲੀਆਂ ਨਾਲ਼ ਜਾਣ-ਪਛਾਣ ਕਰਾਓ।
6. ਪੰਜਾਬੀ ਭਾਸ਼ਾ ਉੱਤੇ ਹੋਰਨਾਂ ਭਾਸ਼ਾਵਾਂ ਦਾ ਕੀ ਪ੍ਰਭਾਵ ਹੈ ? ਸੰਖੇਪ ਕਰਕੇ ਲਿਖੋ।
7. 'ਪੰਜਾਬੀ ਬੋਲੀ ਵਿੱਚ ਪੰਜਾਬੀ ਸੱਭਿਆਚਾਰ ਸਮਾਇਆ ਹੋਇਆ ਹੈ' ਚਰਚਾ ਕਰੋ।
8. ਪੰਜਾਬੀ ਭਾਸ਼ਾ ਬਾਰੇ ਸੰਖੇਪ ਜਾਣਕਾਰੀ ਦਿਓ।

Downloaded from https:// www.studiestoday.com

Downloaded from https:// www.studiestoday.com

ਅਧਿਆਇ 2

# ਪੰਜਾਬੀ ਦੀਆਂ ਉਪਭਾਸ਼ਾਵਾਂ ਦੀ ਸ਼ਬਦਾਵਲੀ

## ਉਪਭਾਸ਼ਾ

"ਉਪਭਾਸ਼ਾ" ਅੰਗਰੇਜ਼ੀ ਸ਼ਬਦ "ਡਾਇਲੈਕਟ" ਦਾ ਸਿੱਧਾ ਪੰਜਾਬੀ ਅਨੁਵਾਦ ਹੈ। ਉਪਭਾਸ਼ਾ ਬਾਰੇ ਚੇਤਨਾ ਕੋਈ ਬਹੁਤੀ ਪੁਰਾਣੀ ਨਹੀਂ ਹੈ। ਉੱਨ੍ਹੀਵੀਂ ਸਦੀ ਦੇ ਅਖੀਰ 'ਤੇ ਜਦੋਂ ਵੱਖ-ਵੱਖ ਦੇਸਾਂ ਵਿੱਚ ਉਪਭਾਸ਼ਾ ਦੀ ਖੋਜ ਵੱਲ ਵਿਦਵਾਨਾਂ ਦਾ ਧਿਆਨ ਕੇਂਦਰਿਤ ਹੋਇਆ ਤਾਂ ਉਸ ਵੇਲ਼ੇ "ਉਪਭਾਸ਼ਾ" ਦਾ ਸੰਕਲਪ ਪੈਦਾ ਹੋਇਆ। ਪੰਜਾਬੀ ਵਿੱਚ ਵੀ ਉਪਭਾਸ਼ਾ ਦਾ ਸੰਕਲਪ ਇਸੇ ਸਦੀ ਵਿੱਚ ਹੀ ਉੱਭਰਿਆ ਹੈ, ਜਿਸ ਕਰਕੇ ਪੰਜਾਬੀ ਭਾਸ਼ਾ ਦੀਆਂ ਵੱਖ-ਵੱਖ ਉਪਭਾਸ਼ਾਵਾਂ ਦੀ ਪਛਾਣ ਤੇ ਸਥਾਪਤੀ ਦਾ ਖੋਜ-ਕਾਰਜ ਜਾਰੀ ਹੋਇਆ ਹੈ। ਪੰਜਾਬੀ ਉਪਭਾਸ਼ਾ ਬਾਰੇ ਜ਼ਰੂਰੀ ਜਾਣਕਾਰੀ ਅਤੇ ਉਹਨਾਂ ਦੀਆਂ ਵਿਸ਼ੇਸ਼ਤਾਵਾਂ ਦਾ ਵਰਨਣ ਅੱਗੇ ਕੀਤਾ ਜਾ ਰਿਹਾ ਹੈ ਪਰ ਪਹਿਲਾਂ ਏਥੇ ਉਪਭਾਸ਼ਾ ਦੀ ਪਰਿਭਾਸ਼ਾ, ਲੱਛਣ, ਵਿਸ਼ੇਸ਼ਤਾਵਾਂ, ਮਹੱਤਤਾ ਦਾ ਸੰਖੇਪ ਨਿਰੂਪਣ ਪੇਸ਼ ਕੀਤਾ ਜਾਂਦਾ ਹੈ।

## ਉਪਭਾਸ਼ਾ ਕੀ ਹੈ ?

"ਉਪਭਾਸ਼ਾ ਕਿਸੇ ਭਾਸ਼ਾ ਦਾ ਇਲਾਕਾਈ ਜਾਂ ਸਮਾਜਿਕ ਤੌਰ 'ਤੇ ਨਿਖੜਵੀਂ ਇੱਕ ਵੰਨਗੀ ਹੈ, ਜਿਸ ਦੀ ਪਛਾਣ ਖ਼ਾਸ ਕਿਸਮ ਦੀ ਸ਼ਬਦਾਵਲੀ ਤੇ ਵਾਕ-ਬਣਤਰ ਤੋਂ ਕੀਤੀ ਜਾ ਸਕਦੀ ਹੈ। ਜਿਸ ਭਾਸ਼ਾ ਦਾ ਖੇਤਰ ਵਿਸ਼ਾਲ ਹੋਵੇ, ਜਿਸ ਨੂੰ ਬਹੁਤ ਵੱਡੀ ਗਿਣਤੀ ਵਿੱਚ ਲੋਕ ਬੋਲਦੇ ਹੋਣ, ਅਕਸਰ ਉਸ ਭਾਸ਼ਾ ਵਿੱਚ ਉਪਭਾਸ਼ਾਵਾਂ ਵਿਕਾਸ ਕਰ ਹੀ ਜਾਂਦੀਆਂ ਹਨ, ਖ਼ਾਸ ਕਰਕੇ ਅਜੇਹੀਆਂ ਹਾਲਤਾਂ ਵਿੱਚ ਜਦੋਂ ਲੋਕਾਂ ਨੂੰ ਦਰਿਆ, ਪਹਾੜ ਆਦਿ ਭੂਗੋਲਿਕ ਵਿੱਥਾਂ ਕਰਕੇ ਮੇਲ਼-ਮਿਲਾਪ ਦੇ ਮੌਕੇ ਘੱਟ ਮਿਲ਼ਦੇ ਹੋਣ।

ਜੇ.ਐਲ. ਬਰੁੱਕ [J.L. Brooke] ਨੇ ਲਿਖਿਆ ਹੈ ਕਿ ਆਮ ਤੌਰ 'ਤੇ "ਉਪਭਾਸ਼ਾ" ਬੋਲਣ ਵਾਲ਼ੇ ਲੋਕ ਥੋੜ੍ਹੇ ਹੁੰਦੇ ਹਨ ਜਦ ਕਿ "ਭਾਸ਼ਾ" ਬੋਲਣ ਵਾਲ਼ਿਆਂ ਲੋਕਾਂ ਦੀ ਗਿਣਤੀ ਵੱਡੀ ਹੁੰਦੀ ਹੈ। ਇਸ ਤਰ੍ਹਾਂ ਉਪਭਾਸ਼ਾ ਜਨ-ਗਿਣਤੀ ਦੇ ਤੌਰ 'ਤੇ ਛੋਟੀ ਹੁੰਦੀ ਹੈ।

ਡਾ. ਜੇ. ਐੱਸ. ਪੁਆਰ ਦੇ ਅਨੁਸਾਰ ਕਿਸੇ ਭਾਸ਼ਾ ਦੇ ਉਸ ਵਿਸ਼ੇਸ਼ ਰੂਪ ਨੂੰ ਜੋ ਉਸ ਭਾਸ਼ਾਈ ਇਲਾਕੇ ਦੇ ਕਿਸੇ ਇੱਕ ਭਾਗ ਵਿੱਚ ਬੋਲਿਆ ਜਾਂਦਾ ਹੈ



Downloaded from https:// www.studiestoday.com

Downloaded from https:// www.studiestoday.com



ਅਤੇ ਜੋ ਉਚਾਰਨ, ਵਿਆਕਰਨ, ਸ਼ਬਦ-ਭੰਡਾਰ ਅਤੇ ਮੁਹਾਵਰੇ ਦੇ ਪੱਖ ਤੋਂ "ਭਾਸ਼ਾ" ਦੇ ਟਕਸਾਲੀ ਰੂਪ ਨਾਲ਼ੋਂ ਕੁਝ ਵੱਖਰਾ ਹੁੰਦਾ ਹੈ, ਉਪਭਾਸ਼ਾ ਦਾ ਨਾਂ ਦਿੱਤਾ ਜਾਂਦਾ ਹੈ। ਡਾ. ਭੋਲਾਨਾਥ ਤਿਵਾਰੀ ਦਾ ਕਥਨ ਹੈ ਕਿ "ਉਪਭਾਸ਼ਾ" ਕਿਸੇ ਭਾਸ਼ਾ ਦੇ ਇੱਕ ਅਜੇਹੇ ਸੀਮਿਤ ਖੇਤਰੀ ਰੂਪ ਨੂੰ ਆਖਦੇ ਹਨ ਜਿਹੜਾ ਟਕਸਾਲੀ ਭਾਸ਼ਾ ਤੋਂ ਕਿਤੇ-ਕਿਤੇ ਭਿੰਨ ਹੁੰਦਾ ਹੈ ਪਰ ਏਨਾ ਭਿੰਨ ਨਹੀਂ ਕਿ ਉਸੇ ਭਾਸ਼ਾ ਦੀਆਂ ਹੋਰ ਉਪਭਾਸ਼ਾਵਾਂ ਵਾਲ਼ੇ ਲੋਕ ਉਸ ਨੂੰ ਨਾ ਸਮਝ ਸਕਦੇ ਹੋਣ।

ਸੋ ਇਹਨਾਂ ਸਾਰੇ ਵਿਚਾਰਾਂ ਦੇ ਚਾਨਣ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ "ਉਪਭਾਸ਼ਾ" ਟਕਸਾਲੀ ਭਾਸ਼ਾ ਦੇ ਵਿਸ਼ਾਲ ਦਾਇਰੇ ਵਿੱਚ ਕਿਸੇ ਇੱਕ ਸੀਮਿਤ ਖੇਤਰ ਦੀ ਬੋਲੀ ਹੁੰਦੀ ਹੈ ਜਿਸ ਵਿੱਚ ਮੁੱਖ ਭਾਸ਼ਾ ਨਾਲੋਂ ਕੁਝ ਨਵੇਕਲੀਆਂ ਵਿਸ਼ੇਸ਼ਤਾਈਆਂ ਹੁੰਦੀਆਂ ਹਨ ਅਤੇ ਜਿਸ ਨੂੰ ਸਹਿ-ਉਪਭਾਸ਼ਾਵਾਂ ਵਾਲ਼ੇ ਲੋਕ ਆਪਸ ਵਿੱਚ ਸਮਝ ਸਕਦੇ ਹਨ।

## ਉਪਭਾਸ਼ਾਵਾਂ ਦੀਆਂ ਵਿਸ਼ੇਸ਼ਤਾਵਾਂ

"ਉਪਭਾਸ਼ਾ" ਭੂਗੋਲਿਕ ਜਾਂ ਸਮਾਜਿਕ ਤੌਰ 'ਤੇ ਇੱਕ ਸੀਮਿਤ ਦਾਇਰੇ ਦੀ ਬੋਲਚਾਲ ਦੀ ਬੋਲੀ ਹੁੰਦੀ ਹੈ।

ਇਕੋ ਹੀ "ਭਾਸ਼ਾ" ਦੀਆਂ ਵੱਖ-ਵੱਖ ਉਪਭਾਸ਼ਾਵਾਂ ਵਿੱਚ ਕੁਝ-ਕੁਝ ਫਰਕ ਹੁੰਦੇ ਹਨ ਪਰ ਅਜੇਹੀਆਂ ਉਪਭਾਸ਼ਾਵਾਂ ਨੂੰ ਬੋਲਣ ਵਾਲ਼ੇ ਸਾਰੇ ਲੋਕ ਆਪੋ ਵਿੱਚ ਇੱਕ-ਦੂਜੇ ਨੂੰ ਸਮਝਦੇ ਹਨ।

"ਉਪਭਾਸ਼ਾ" ਭਾਸ਼ਾ ਵਿੱਚੋਂ ਨਿਕਲ਼ੀ ਨਹੀਂ ਹੁੰਦੀ, ਸਗੋਂ ਉਪਭਾਸ਼ਾ ਤੇ ਭਾਸ਼ਾ ਦੋਵੇਂ ਇੱਕੋ ਸਮੇਂ ਵੱਖ-ਵੱਖ ਇਲਾਕਿਆਂ ਵਿੱਚ ਪ੍ਰਫੁਲਿਤ ਹੋਈਆਂ ਹੁੰਦੀਆਂ ਹਨ।

"ਉਪਭਾਸ਼ਾ" ਸੰਬੰਧਿਤ ਟਕਸਾਲੀ ਭਾਸ਼ਾ ਦੀ ਉੱਨਤੀ ਵਿੱਚ ਅਹਿਮ ਭੂਮਿਕਾ ਅਦਾ ਕਰ ਸਕਦੀ ਹੈ ਅਤੇ ਕਈ ਠੇਠ ਸ਼ਬਦਾਂ ਦਾ ਯੋਗਦਾਨ ਪਾ ਸਕਦੀ ਹੈ।

"ਉਪਭਾਸ਼ਾ" ਵਿੱਚ ਪੁਰਾਤਨ ਸ਼ਬਦ-ਰੂਪਾਂ ਅਤੇ ਭਾਸ਼ਾਈ ਤੱਤਾਂ ਨੂੰ ਸੰਭਾਲ਼ਿਆ ਹੁੰਦਾ ਹੈ।

"ਉਪਭਾਸ਼ਾ" ਵਿੱਚ ਉਸ ਇਲਾਕੇ ਦੇ ਪੁਰਾਤਨ ਇਤਿਹਾਸ, ਲੋਕ-ਸਾਹਿਤ ਤੇ ਸੱਭਿਆਚਾਰ ਦੀ ਜਾਣਕਾਰੀ ਮਿਲ਼ਦੀ ਹੈ।

ਸਹਿ-ਉਪਭਾਸ਼ਾਵਾਂ ਦੇ ਤਾਣੇ-ਬਾਣੇ ਵਿੱਚ ਸੱਭਿਆਚਾਰਕ ਸ਼ਬਦਾਂ ਦੇ ਵੱਖ-ਵੱਖ ਰੂਪਾਂ ਨੂੰ ਵੇਖਿਆ ਜਾ ਸਕਦਾ ਹੈ। ਪੰਜਾਬੀ ਉਪਭਾਸ਼ਾਵਾਂ ਵਿੱਚ ਬੱਚੇ ਲਈ, 'ਮੁੰਡਾ, ਛੋਹਰਾ, ਬਾਲ, ਜਾਤਕ, ਨੱਢਾ, ਲੜਕਾ, ਛੋਕਰਾ, ਬੂਜਾ, ਕਾਕਾ', ਆਦਿ ਕਿੰਨੇ ਹੀ ਸ਼ਬਦ ਰੂਪ ਹਨ। ਅੱਜ ਦੇ ਯੁੱਗ ਵਿੱਚ ਭਾਸ਼ਾ ਦੇ ਨਾਲ਼-ਨਾਲ਼ ਉਪਭਾਸ਼ਾਵਾਂ ਦਾ ਅਧਿਐਨ ਵੀ ਜ਼ਰੂਰੀ ਹੋ ਗਿਆ ਹੈ।

Downloaded from https:// www.studiestoday.com

Downloaded from https:// www.studiestoday.com



## ਪੰਜਾਬੀ ਉਪਭਾਸ਼ਾਵਾਂ ਦਾ ਵਿਕਾਸ

"ਉਪਭਾਸ਼ਾ" ਦੇ ਸੰਕਲਪ ਦੀ ਸਿਧਾਂਤਿਕ ਜਾਣ-ਪਛਾਣ ਤੋਂ ਬਾਅਦ ਹੁਣ ਅਸੀਂ ਪੰਜਾਬੀ ਦੀਆਂ ਉਪਭਾਸ਼ਾਵਾਂ ਦਾ ਵੇਰਵਾ ਤੇ ਵਰਨਣ ਪੇਸ਼ ਕਰਦੇ ਹਾਂ। ਪੰਜਾਬੀ ਸਾਂਝੇ ਪੰਜਾਬ ਦੀ ਜੱਦੀ ਲੋਕ-ਭਾਸ਼ਾ ਹੈ ਜਿਸ ਨੂੰ ਬੋਲਣ ਵਾਲ਼ੇ ਲੋਕ ਬਹੁਤ ਵੱਡੀ ਗਿਣਤੀ ਵਿੱਚ ਹਨ। ਪੰਜਾਬੀ ਬੋਲਦਾ ਭੂਗੋਲਿਕ ਖੇਤਰ ਵੀ ਭਾਰਤੀ ਪੰਜਾਬ ਤੇ ਪਾਕਿਸਤਾਨੀ ਪੰਜਾਬ ਦੋਹਾਂ ਖਿੱਤਿਆਂ ਵਿੱਚ ਫੈਲਿਆ ਹੋਇਆ ਹੈ। ਬੁਲਾਰਿਆਂ ਦੀ ਵੱਡੀ ਗਿਣਤੀ ਹੋਣ ਕਰਕੇ ਅਤੇ ਵੱਡੇ ਸਾਰੇ ਭੂ-ਖੰਡ ਵਿੱਚ ਫੈਲੀ ਹੋਣ ਕਰ ਕੇ ਪੰਜਾਬੀ ਦੀਆਂ ਕਈ ਉਪਭਾਸ਼ਾਵਾਂ ਵਿਕਸਿਤ ਹੋਈਆਂ ਹਨ। ਇਸ ਤਰ੍ਹਾਂ ਪੰਜਾਬੀ ਭਾਸ਼ਾ ਦੇ ਆਲ਼ੇ-ਦੁਆਲ਼ੇ ਉਪਭਾਸ਼ਾਵਾਂ ਨੇ ਇੱਕ ਝੁਰਮਟ ਪਾਇਆ ਹੋਇਆ ਹੈ।

ਉਪਭਾਸ਼ਾਵਾਂ ਤੋਂ ਇਲਾਵਾ ਪੰਜਾਬੀ ਦੀਆਂ ਕਈ ਲਘੂ-ਬੋਲੀਆਂ ਤੇ ਸਥਾਨਿਕ ਬੋਲੀਆਂ ਵੀ ਥਾਂਓ-ਥਾਈਂ ਮਿਲਦੀਆਂ ਹਨ। ਇਸ ਦਾ ਕਾਰਨ ਇਹ ਹੈ ਕਿ ਪੁਰਾਤਨ ਤੇ ਨਵੇਂ ਪੰਜਾਬ ਪ੍ਰਾਂਤ ਦੇ ਲਗ-ਪਗ ਹਰ ਵੱਡੇ ਸ਼ਹਿਰ, ਨਗਰ, ਕਬੀਲੇ, ਤੇ ਜਾਤ-ਬਰਾਦਰੀ ਦੀ ਕੁਝ ਨਾ ਕੁਝ ਫ਼ਰਕ ਵਾਲ਼ੀ ਆਪੋ-ਆਪਣੀ ਬੋਲੀ ਵੇਖੀ ਜਾ ਸਕਦੀ ਹੈ ਪਰ ਅਜੇਹੀਆਂ ਲਘੂ-ਬੋਲੀਆਂ ਤੇ ਸਥਾਨਿਕ ਮੁਕਾਮੀ ਬੋਲੀਆਂ ਦੇ ਨਿੱਜੀ ਵਖਰੇਵੇਂ ਕੋਈ ਉੱਭਰਵੇਂ ਨਹੀਂ ਹਨ ਅਤੇ ਨਿੱਜੀ ਵਿਸ਼ੇਸ਼ਤਾਵਾਂ ਵੀ ਨਾਂ-ਮਾਤਰ ਹਨ, ਇਸ ਲਈ ਅਜੇਹੇ ਬੋਲੀ-ਰੂਪ ਉਪਭਾਸ਼ਾਵਾਂ ਜਾਂ ਮੁੱਖ ਭਾਸ਼ਾ ਦੇ ਪਿੰਡੇ ਵਿੱਚ ਹੀ ਅੰਤਰਲੀਨ ਹੁੰਦੇ ਰਹਿੰਦੇ ਹਨ।

## ਪੰਜਾਬੀ ਉਪਭਾਸ਼ਾਵਾਂ ਦੀ ਗਿਣਤੀ

ਪੰਜਾਬੀ ਉਪਭਾਸ਼ਾਵਾਂ ਕਿੰਨੀਆਂ ਤੇ ਕਿਹੜੀਆਂ ਹਨ, ਇਸ ਵਿਸ਼ੇ ਦਾ ਉਲੇਖ ਸਭ ਤੋਂ ਪਹਿਲਾਂ ਡਾ. ਜਾਰਜ ਗ੍ਰੀਅਰਸਨ ਨੇ ਇੱਕ ਨੇਮ-ਬੱਧ ਤਰੀਕੇ ਨਾਲ਼ ਕੀਤਾ ਹੈ। ਜਾਰਜ ਗ੍ਰੀਅਰਸਨ ਦੇ ਮੁਤਾਬਕ ਪੰਜਾਬੀ ਦੀਆਂ ਉਪਭਾਸ਼ਾਵਾਂ ਹੇਠਾਂ ਅੰਕਿਤ ਹਨ।

ਪੰਜਾਬੀ ਦੀਆਂ ਉਪਭਾਸ਼ਾਵਾਂ ਦੀ ਸ਼ਬਦਾਵਲੀ

### (ੳ) ਲਹਿੰਦੀ (ਪੱਛਮੀ ਪੰਜਾਬੀ, ਪਾਕਿਸਤਾਨ) ਦੀਆਂ ਉਪਭਾਸ਼ਾਵਾਂ

1. ਦੱਖਣੀ ਲਹਿੰਦੀ—ਮੁਲਤਾਨੀ, ਸਿਰਾਇਕੀ, ਥਲ਼ੀ (ਜਟਕੀ)
2. ਉੱਤਰ-ਪੱਛਮੀ ਲਹਿੰਦੀ—ਧੰਨੀ, ਹਿੰਦਕੋ, ਤਿਨਾਉਲੀ
3. ਉੱਤਰ-ਪੂਰਬੀ ਲਹਿੰਦੀ—ਪੋਠੋਹਾਰੀ, ਅਵਾਣਕਾਰੀ, ਪੁਣਛੀ, ਘੇਬੀ, ਪਹਾੜੀ।

Downloaded from https:// www.studiestoday.com

Downloaded from https:// www.studiestoday.com



### (ਅ) ਪੂਰਬੀ ਪੰਜਾਬੀ (ਭਾਰਤੀ ਪੰਜਾਬੀ) ਦੀਆਂ ਉਪਭਾਸ਼ਾਵਾਂ

ਮਾਝੀ, ਮਲਵਈ, ਦੁਆਬੀ, ਪੁਆਧੀ

ਰਾਠੀ, ਭਟਿਆਣੀ, ਡੋਗਰੀ, ਕਾਂਗੜੀ।

ਇਸ ਤੋਂ ਇਲਾਵਾ ਪੰਜਾਬੀ ਯੂਨੀਵਰਸਿਟੀ ਦੇ ਭਾਸ਼ਾ-ਵਿਗਿਆਨ ਵਿਭਾਗ ਨੇ ਪੰਜਾਬੀ ਦੀਆਂ ਉਪਭਾਸ਼ਾਵਾਂ ਦਾ ਜਿਹੜਾ ਵੇਰਵਾ ਤੇ ਨਕਸ਼ਾ ਤਿਆਰ ਕੀਤਾ ਹੈ, ਉਸ ਅਨੁਸਾਰ ਪੰਜਾਬੀ ਦੀਆਂ ਉਪਭਾਸ਼ਾਵਾਂ ਦੀ ਗਿਣਤੀ 28 (ਅਠਾਈ) ਦੱਸੀ ਗਈ ਹੈ ਪਰ ਇਸ ਗਿਣਤੀ ਦੀਆਂ ਉਪਭਾਸ਼ਾਵਾਂ ਤੋਂ ਇਲਾਵਾ ਕਈ ਨੀਮ-ਬੋਲੀਆਂ ਤੇ ਸਥਾਨਿਕ ਲਘੂ-ਬੋਲੀਆਂ ਵੀ ਸ਼ਾਮਿਲ ਕਰ ਲਈਆਂ ਗਈਆਂ ਹਨ। ਸਮੁੱਚੇ ਤੌਰ ’ਤੇ ਪੰਜਾਬੀ ਦੀਆਂ ਹੇਠ-ਲਿਖੀਆਂ ਉਪਭਾਸ਼ਾਵਾਂ ਹੀ ਪ੍ਰਮੁੱਖ ਮੰਨੀਆਂ ਜਾ ਸਕਦੀਆਂ ਹਨ—

ਮੁਲਤਾਨੀ, ਸਿਰਾਇਕੀ, ਪੋਠੋਹਾਰੀ, ਮਾਝੀ, ਮਲਵਈ, ਦੁਆਬੀ, ਪੁਆਧੀ। ਇਹਨਾਂ ਉਪਭਾਸ਼ਾਵਾਂ ਦੇ ਵਰਨਣ ਤੇ ਵਿਸਤਾਰ ਦੇਣ ਤੋਂ ਪਹਿਲਾਂ ਇੱਕ ਨੁਕਤੇ ਬਾਰੇ ਵਿਚਾਰ ਕਰਨਾ ਵੀ ਜ਼ਰੂਰੀ ਹੈ, ਉਹ ਨੁਕਤਾ ਹੈ “ਟਕਸਾਲੀ ਪੰਜਾਬੀ” ਦਾ।

### ਟਕਸਾਲੀ ਪੰਜਾਬੀ

ਪੰਜਾਬੀ ਭਾਸ਼ਾ ਅਤੇ ਉਸ ਦੀਆਂ ਉਪਭਾਸ਼ਾਵਾਂ ਦੇ ਸੰਬੰਧ ਵਿੱਚ ਇਸ ਗੱਲ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਹੈ ਕਿ ਉਪਭਾਸ਼ਾਵਾਂ ਆਮ ਤੌਰ ’ਤੇ ਬੋਲ-ਚਾਲੀ ਰੂਪ ਵਿੱਚ ਹੀ ਵਿਚਰਦੀਆਂ ਹਨ, ਲੇਕਿਨ ਪੰਜਾਬੀ ਦਾ ਜਿਹੜਾ ਭਾਸ਼ਾ-ਰੂਪ ਆਮ ਕਰਕੇ ਲਿਖਣ ਵਿੱਚ ਆਉਂਦਾ ਹੈ ਅਤੇ ਜਿਸ ਨੂੰ ਭਾਰਤੀ ਪੰਜਾਬੀ ਵਿੱਚ ਸਿੱਖਿਆ, ਪਰੀਖਿਆ, ਉਚੇਰੀ-ਵਿੱਦਿਆ, ਸਾਹਿਤ, ਗਿਆਨ-ਵਿਗਿਆਨ, ਰਾਜ ਪ੍ਰਬੰਧ ਅਤੇ ਹੋਰ ਸਰਕਾਰੀ ਕਾਰ-ਵਿਹਾਰ ਦਾ ਮਾਧਿਅਮ ਸਵੀਕਾਰ ਕੀਤਾ ਗਿਆ ਹੈ, ਉਹ ਭਾਸ਼ਾ-ਰੂਪ ਹੈ—ਟਕਸਾਲੀ ਪੰਜਾਬੀ। ਇਸ ਨੂੰ ਕੇਂਦਰੀ ਪੰਜਾਬੀ ਤੇ ਸਾਹਿਤਿਕ ਪੰਜਾਬੀ ਵੀ ਕਿਹਾ ਜਾਂਦਾ ਹੈ। ਟਕਸਾਲੀ ਪੰਜਾਬੀ, ਸਾਰੀਆਂ ਉਪਭਾਸ਼ਾਵਾਂ ਦੇ ਕੇਂਦਰ ਵਿੱਚ ਖੜ੍ਹੀ ਹੈ ਅਤੇ ਇਹ ਸਾਰੀਆਂ ਉਪਭਾਸ਼ਾਵਾਂ ਨਾਲ਼ ਗੂੜ੍ਹਾ ਸੰਬੰਧ ਰੱਖਦੀ ਹੈ।

**ਦੇਸ ਵੰਡ ਤੋਂ ਪਹਿਲਾਂ** :— ਟਕਸਾਲੀ ਪੰਜਾਬੀ ਦਾ ਆਧਾਰ ਭਾਵੇਂ ਮਾਝੀ ਉਪਭਾਸ਼ਾ ਰਿਹਾ ਹੈ ਪਰ ਹੁਣ ਇਹ ਸਾਰੀਆਂ ਹੋਰ ਪੰਜਾਬੀ ਉਪਭਾਸ਼ਾਵਾਂ ਦੀ ਵੀ ਪ੍ਰਤਿਨਿਧਤਾ ਕਰਦੀ ਹੈ ਕਿਉਂਕਿ ਇਹ ਟਕਸਾਲੀ ਪੰਜਾਬੀ ਸਾਰੀਆਂ ਵਿੱਚੋਂ ਇੱਕ ਮਿਆਰੀ ਤੇ ਮੁੱਖ “ਭਾਸ਼ਾ” ਵਜੋਂ ਉੱਭਰੀ ਹੈ। ਪਰਮਜੀਤ ਸਿੰਘ ਢੀਂਗਰਾ ਨੇ ਲਿਖਿਆ ਹੈ, “ਟਕਸਾਲੀ ਜਾਂ ਮਿਆਰੀ ਭਾਸ਼ਾ ਤੋਂ ਭਾਵ ਕਿਸੇ ਭਾਸ਼ਾ-ਸਮੂਹ ਦੇ ਉਸ ਭਾਸ਼ਾ ਰੂਪ ਤੋਂ ਹੈ ਜਿਹੜਾ ਉਸ ਭਾਸ਼ਾ ਦੇ ਹੋਰ ਉਪਭਾਸ਼ਾਈ-ਬੁਲਾਰਿਆਂ ਨੂੰ ਪ੍ਰਵਾਨ ਹੋਵੇ।” ਟਕਸਾਲੀ ਪੰਜਾਬੀ ਨੂੰ ਮਿਆਰੀ ਭਾਸ਼ਾ ਦੇ ਤੌਰ ’ਤੇ ਲੋਕ-

Downloaded from https:// www.studiestoday.com

Downloaded from https:// www.studiestoday.com



ਪ੍ਰਵਾਨਗੀ ਪ੍ਰਾਪਤ ਹੈ। ਇਸ ਤੋਂ ਬਿਨਾਂ ਟਕਸਾਲੀ ਪੰਜਾਬੀ ਹੀ ਸਮੁੱਚੇ ਪੰਜਾਬੀ ਭਾਈਚਾਰੇ ਦੀ "ਆਦਰਸ਼" ਵੰਨਗੀ ਹੈ।

ਪੰਜਾਬੀ ਦੀਆਂ ਵੱਖ-ਵੱਖ ਉਪਭਾਸ਼ਾਵਾਂ ਵਿੱਚ ਕੁਝ ਹੱਦ ਤੱਕ ਆਪੋ-ਆਪਣੇ ਕੁਝ ਭਿੰਨ ਉਚਾਰਨ, ਕੁਝ ਭਿੰਨ ਸ਼ਬਦ-ਰੂਪ ਅਤੇ ਕੁਝ ਵੱਖਰਾ ਭਾਸ਼ਿਕ ਮੁਹਾਵਰਾ ਹੈ ਭਾਵੇਂ ਇਹਨਾਂ ਸਹਿ-ਉਪਭਾਸ਼ਾਵਾਂ ਦੇ ਸਾਰੇ ਬੁਲਾਰੇ ਇੱਕ-ਦੂਜੇ ਨੂੰ ਸਮਝਦੇ ਹਨ ਪਰੰਤੂ ਟਕਸਾਲੀ ਪੰਜਾਬੀ ਹੀ ਅਜੇਹਾ ਸਰਬ-ਸਾਂਝਾ ਮਿਆਰੀ ਰੂਪ ਹੈ ਜਿਸ ਵਿੱਚ ਸ਼ਬਦ-ਜੋੜ, ਉਚਾਰਨ, ਸ਼ਬਦਾਵਲੀ ਤੇ ਵਾਕ-ਬਣਤਰ ਆਦਿ ਸਾਰੇ ਪੱਖ ਕੁਝ ਹੱਦ ਤੱਕ, ਇਕਸਾਰ ਤੇ ਨੇਮ-ਬੱਧ ਹਨ।

**ਦੇਸ ਵੰਡ ਤੋਂ ਪਹਿਲਾਂ** :— ਟਕਸਾਲੀ ਪੰਜਾਬੀ ਦੀ ਆਧਾਰ-ਉਪਭਾਸ਼ਾ ਭਾਵੇਂ ਮਾਝੀ ਬੋਲੀ ਸੀ, ਪਰ ਹੁਣ ਇਸ ਵਿੱਚ ਮਲਵਈ, ਦੁਆਬੀ ਤੇ ਪੁਆਧੀ ਦਾ ਵੀ ਅਸਰ ਆ ਜਾਂਦਾ ਹੈ। ਮਾਝੀ ਵਿੱਚ "ਉਸ ਕਿਹਾ, ਉਨ ਕਿਹਾ" ਆਦਿ ਵਾਕ-ਜੁਗਤਾਂ ਹਨ ਪਰ ਮਲਵਈ ਦੇ ਅਸਰ ਹੇਠ ਟਕਸਾਲੀ ਵਿੱਚ "ਉਸ ਨੇ ਕਿਹਾ", "ਉਹਨਾਂ ਨੇ ਕਿਹਾ" ਵਾਕ-ਬਣਤਰਾਂ ਵੀ ਪ੍ਰਚਲਿਤ ਹਨ।

ਟਕਸਾਲੀ ਜਾਂ ਮਿਆਰੀ ਪੰਜਾਬੀ ਕਹਿਣ ਤੋਂ ਕਦਾਚਿਤ ਇਹ ਅਰਥ ਨਹੀਂ ਲੈਣਾ ਚਾਹੀਦਾ ਕਿ ਟਕਸਾਲੀ ਦੇ ਮੁਕਾਬਲੇ ਵਿੱਚ ਉਪਭਾਸ਼ਾਵਾਂ ਨੀਵੀਂਆਂ ਹੁੰਦੀਆਂ ਹਨ। ਇਹ ਭੁਲੇਖਾ ਹੈ ਕਿਉਂਕਿ ਉਪਭਾਸ਼ਾਵਾਂ ਦੇ ਸਹਿਯੋਗ ਨਾਲ਼ ਹੀ ਭਾਸ਼ਾ ਦਾ ਟਕਸਾਲੀ ਰੂਪ ਨਿੱਖਰਦਾ ਹੈ। ਬਾਬੂ ਰਾਮ ਸਕਸੇਨਾ ਨੇ ਵੀ ਦੱਸਿਆ ਹੈ ਕਿ ਭਾਸ਼ਾ ਤੇ ਉਪਭਾਸ਼ਾ ਦੋਵੇਂ ਮਨੁੱਖੀ ਬਾਣੀ ਦੇ ਚਿੰਨ੍ਹ ਹਨ, ਇੱਕ ਦਾ ਖੇਤਰ ਮੋਕਲ਼ਾ ਤੇ ਦੂਜੀ ਦਾ ਸੌੜਾ ਹੈ। ਇਸ ਲਈ ਉਪਭਾਸ਼ਾ ਵੀ ਓਨੀ ਹੀ ਮਹੱਤਵ-ਪੂਰਨ ਹੈ ਜਿੰਨੀ ਕਿ ਟਕਸਾਲੀ ਭਾਸ਼ਾ।

ਹੁਣ ਅਸੀਂ ਪੰਜਾਬੀ ਦੀਆਂ ਪੋਠੋਹਾਰੀ, ਮਾਝੀ, ਮਲਵਈ, ਦੁਆਬੀ ਤੇ ਪੁਆਧੀ ਉਪਭਾਸ਼ਾਵਾਂ ਦਾ ਸੰਖੇਪ ਜ਼ਿਕਰ ਕਰ ਕੇ ਉਹਨਾਂ ਦੀ ਵੱਖ-ਵੱਖ ਠੇਠ ਸ਼ਬਦਾਵਲੀ ਨੂੰ ਅੰਕਿਤ ਕਰਦੇ ਹਾਂ। ਉਪਭਾਸ਼ਾਵਾਂ ਦੀ ਚੋਣਵੀਂ ਸ਼ਬਦਾਵਲੀ ਦਾ ਟਕਸਾਲੀ ਪੰਜਾਬੀ ਵਿੱਚ ਰੂਪਾਂਤਰ ਵੀ ਪੇਸ਼ ਕੀਤਾ ਜਾਵੇਗਾ।

### ਪੋਠੋਹਾਰੀ ਉਪਭਾਸ਼ਾ

ਪੋਠੋਹਾਰੀ ਪਾਕਿਸਤਾਨੀ ਪੰਜਾਬੀ ਦੇ ਰਾਵਲਪਿੰਡੀ, ਜਿਹਲਮ ਅਤੇ ਕੈਮਲਪੁਰ ਇਲਾਕੇ ਦੀ ਬੋਲੀ ਹੈ। ਇਸ ਇਲਾਕੇ ਦੇ ਵਸਨੀਕ ਕਬੀਲਿਆਂ ਅਤੇ ਜਾਤ-ਬਰਾਦਰੀ ਦੇ ਨਾਂਵਾਂ ਕਰ ਕੇ ਹੋਰ ਸਥਾਨਿਕ ਨਾਂ ਵੀ ਪ੍ਰਚਲਿਤ ਹੋਏ ਹਨ ਜਿਵੇਂ ਧੰਨੀ, ਅਵਾਣਕਾਰੀ, ਘੇਬੀ। ਇਹਨਾਂ ਵਿੱਚ ਥੋੜ੍ਹਾ-ਥੋੜ੍ਹਾ ਫ਼ਰਕ ਹੈ ਪਰ ਇਹਨਾਂ ਨੂੰ ਸਾਂਝੇ ਤੌਰ 'ਤੇ ਪੋਠੋਹਾਰੀ ਕਿਹਾ ਜਾ ਸਕਦਾ ਹੈ।

ਪੋਠੋਹਾਰੀ ਦੀ ਸ਼ਬਦਾਵਲੀ ਦਾ ਮਾਝੀ, ਮਲਵਈ, ਨਾਲ਼ ਚੋਖਾ ਮੇਲ਼ ਹੈ ਪਰ ਪੜਨਾਂਵਾਂ, ਸੰਬੰਧਕਾਂ ਤੇ ਕਿਰਿਆਵਾਂ ਵਿੱਚ ਕਾਫ਼ੀ ਫ਼ਰਕ ਹੈ। ਇਸ ਤੋਂ ਇਲਾਵਾ

Downloaded from https:// www.studiestoday.com

Downloaded from https:// www.studiestoday.com



ਪੋਠੋਹਾਰੀ ਵਿੱਚ ਅੱਧਕ ਲਾ ਕੇ ਦੂਹਰਾ ਅੱਖਰ ਬੋਲਣ ਦੀ ਬਹੁਤ ਰੁਚੀ ਹੈ ਜਿਵੇਂ ਕਿਲੇ ਨੂੰ ਕਿੱਲਾ, ਪਤੇ ਨੂੰ ਪੱਤਾ। ਪੋਠੋਹਾਰੀ ਦਾ ਜੱਦੀ ਸਥਾਨ ਭਾਵੇਂ ਪਾਕਿਸਤਾਨ ਵਿੱਚ ਹੈ ਲੇਕਿਨ ਭਾਰਤ-ਪਾਕ ਦੀ ਵੰਡ ਤੋਂ ਬਾਅਦ ਬਹੁਤ ਵੱਡੀ ਗਿਣਤੀ ਵਿੱਚ ਪੋਠੋਹਾਰੀ ਲੋਕ ਪਟਿਆਲ਼ਾ, ਲੁਧਿਆਣਾ, ਦਿੱਲੀ ਆਦਿ ਸ਼ਹਿਰਾਂ ਵਿੱਚ ਆ ਵਸੇ ਹਨ। ਹੁਣ ਪੋਠੋਹਾਰੀ, ਉਪਭਾਸ਼ਾ ਦੇ ਕੁਝ ਵਾਕ ਵੰਨਗੀ ਵਜੋਂ ਦਿੱਤੇ ਜਾਂਦੇ ਹਨ, ਜਿਹੜੇ ਕਿ ਪੋਠੋਹਾਰੀ ਦੇ ਪਛਾਣ-ਚਿੰਨ੍ਹ ਹਨ। ਮਸਲਨ (1) "ਉਸ ਨਾ ਭਰਾ ਉਸ ਨੀ ਭੈਣੂੰ ਕੋਲੋਂ ਲੰਮਾ ਆ" (ਉਸ ਦਾ ਭਰਾ ਉਸ ਦੀ ਭੈਣ ਕੋਲ਼ੋਂ ਲੰਮਾ ਹੈ—ਟਕਸਾਲੀ (2) "ਤੈਂਡੇ ਪਿਉ ਨੇ ਕਿਤਨੇ ਪੁੱਤਰਨ" (ਤੇਰੇ ਪਿਉ ਦੇ, ਕਿੰਨੇ ਪੁੱਤਰ ਹਨ—ਟਕਸਾਲੀ)।

ਪ੍ਰੋ. ਮੋਹਨ ਸਿੰਘ ਦੇ ਪੋਠੋਹਾਰੀ ਗੀਤ ਦਾ ਨਮੂਨਾ ਵੇਖੋ—

"ਨਿੱਕਾ ਨਿੱਕਾ ਦਿਲ ਕਰਨਾ, ਮਿੰਘੀ ਘਿਨ ਜੁਲੇ ਢੋਲੇ ਕੋਲ਼।
ਨਿੱਕੇ ਨਿੱਕੇ ਫੁੱਲ ਚੁਣ ਕੇ ਮੈਂਡੀ ਭਰੋ ਸਹੇਲੀਉ ਝੋਲ਼।"

## ਪੋਠੋਹਾਰੀ ਸ਼ਬਦਾਵਲੀ ਦਾ ਟਕਸਾਲੀ ਪੰਜਾਬੀ ਵਿੱਚ ਰੂਪਾਂਤਰ

**ਰੇਖਾ-ਚਿੱਤਰ**

| ਪੋਠੋਹਾਰੀ ਸ਼ਬਦ | ਟਕਸਾਲੀ ਰੂਪ |
|---|---|
| ਫ਼ਜਰੀ | ਸਵਖ਼ਤੇ |
| ਸਰਘੀ ਵੇਲ਼ੇ | ਸਵੇਰੇ |
| ਚੈੜਾ | ਚੌੜਾ |
| ਸੈਣਾ | ਸੌਣਾ |
| ਹੁੱਸ | ਉਸ |
| ਹਿੱਸ | ਇਸ |
| ਹਿੱਕ | ਇੱਕ |
| ਹਿੱਥੇ | ਇੱਥੇ |
| ਹਿੰਜ | ਇੰਞ, ਇਉਂ |
| ਘੱਠਾ | 'ਕੱਠਾ, ਇਕੱਠਾ |
| ਵੈਹਲਾ | ਛੇਤੀ |
| ਕੱਘੀ | ਕੰਘੀ |
| ਕੱਧ | ਕੰਧ |

Downloaded from https:// www.studiestoday.com

Downloaded from https:// www.studiestoday.com



| ਪੋਠੋਹਾਰੀ ਸ਼ਬਦ | ਟਕਸਾਲੀ ਰੂਪ |
|---|---|
| ਲੱਘ | ਲੰਘ |
| ਜੰਘ | ਲੱਤ, ਟੰਗ |
| ਗਰਾਂ | ਪਿੰਡ |
| ਖੇਹਨੂੰ | ਖਿੱਦੋ, ਗੇਂਦ |
| ਜਾਤਕ | ਬੱਚਾ, ਨਿਆਣਾ |
| ਬਹੂੰ | ਬਹੁਤ |
| ਚੋਲ | ਚੌਲ਼ |
| ਕੋਲੀ | ਕੌਲੀ |
| ਕੋਰ | ਕੌਰ |
| ਤੇਂਤਰੀ | ਤੇਤੀ |
| ਪੈਂਤਰੀ | ਪੈਂਤੀ |
| ਲੱਧਾ | ਲੱਭਿਆ |
| ਪਹੁਤਾ | ਪਹੁੰਚਿਆ |
| ਗੱਛਸੀ | ਜਾਵਾਂਗਾ |
| ਅੱਛਸੀ | ਆਵਾਂਗਾ |
| ਸੁੱਤੁਮ | ਮੈਂ ਸੁੱਤਾ |
| ਸੁੱਤੋਸੇ | ਅਸੀਂ ਸੁੱਤੇ |
| ਕੀਤੋਈ | ਤੂੰ ਕੀਤਾ |
| ਕੀਤੋਵੇ | ਤੁਸੀਂ ਕੀਤਾ |
| ਮਾਰੇ ਓਸ | ਉਸ ਮਾਰਿਆ |
| ਮਾਰੇ ਓਨੇ | ਉਹਨਾਂ ਮਾਰਿਆ |
| ਮਿੱਘੀ | ਮੈਨੂੰ |
| ਤੁੱਘੀ | ਤੈਨੂੰ |
| ਤੁਸ ਕੀ | ਤੁਹਾਨੂੰ, ਤੈਨੂੰ |
| ਮੈਂਡਾ | ਮੇਰਾ |
| ਤੈਂਡਾ | ਤੇਰਾ |
| ਸਾੜ੍ਹਾ | ਸਾਡਾ |

Downloaded from https:// www.studiestoday.com

Downloaded from https:// www.studiestoday.com



| ਪੋਠੋਹਾਰੀ ਸ਼ਬਦ | ਟਕਸਾਲੀ ਰੂਪ |
|---|---|
| ਤੁਸਾੜ੍ਹਾ | ਤੁਹਾਡਾ |
| ਖੱਲੇ ਨਾ | ਖਲੋ ਜਾ |
| ਖੰਡੂ ਨੇ ਖਿਡਾਉਣੇ | ਖੰਡ ਦੇ ਖਿਡੌਣੇ |
| ਗੁੜੇ ਨਾਲ਼ | ਗੁੜ ਨਾਲ਼ |
| ਮਹਿੰਦਰੇ ਨੀ ਰੋਟੀ | ਮਹਿੰਦਰ ਦੀ ਰੋਟੀ |
| ਮੱਝੀ ਕੀ ਗੁਤਾਵਾ | ਮੱਝ ਨੂੰ ਗੁਤਾਵਾ |
| ਘੱਲੇ ਕੀ ਕੰਮ | ਇਕੱਲੇ ਨੂੰ ਕੰਮ |

## ਮੁਲਤਾਨੀ ਉਪਭਾਸ਼ਾ

ਮੁਲਤਾਨੀ ਜਾਂ ਲਹਿੰਦੀ ਜਾਂ ਸਰਾਇਕੀ ਦੇ ਭਾਸ਼ਾਈ ਖੇਤਰ ਮੂਲ ਰੂਪ ਵਿੱਚ ਪਾਕਿਸਤਾਨ ਵਿੱਚ ਹਨ। ਮੁਲਤਾਨ, ਡੇਰਾ ਗਾਜ਼ੀ ਖਾਂ, ਮੁਜੱਫ਼ਰ ਗੜ੍ਹ, ਲੈਯਾ, ਨਵਾਂ ਕੋਟ, ਡੇਰਾ ਇਸਮਾਇਲ ਖਾਂ, ਬਹਾਵਲ ਪੁਰ, ਅਲੀਪੁਰ, ਜਤੋਈ, ਖੈਰਪੁਰ, ਮਿਯਾਂਵਲੀ ਝੰਗ, ਬੰਨੂ, ਕੋਹਾਟ, ਬਕਖਰ, ਕੋਟ ਅਛੂ ਅਤੇ ਇਹਨਾਂ ਦੇ ਨਿਕਟਵਰਤੀ ਇਲਾਕੇ ਹਨ। ਇੱਥੇ ਦੇ ਹਿੰਦੂ ਤੇ ਸਿੱਖ ਹੁਣ ਪਾਕਿ ਨੂੰ ਛੱਡ ਸੰਨ 1947 ਦੇ ਬਾਅਦ ਦੇ ਭਿੰਨ-ਭਿੰਨ ਪ੍ਰਦੇਸਾਂ ਵਿੱਚ ਵਸ ਗਏ ਹਨ।

ਪੱਛਮੀ ਤੇ ਭਾਰਤੀ ਭਾਸ਼ਾ ਵਿਗਿਆਨੀਆਂ ਨੇ ਮੁਲਤਾਨੀ ਉਪਭਾਸ਼ਾ ਦੀ ਪਛਾਣ ਕਰਦਿਆਂ ਇਸ ਦੀਆਂ ਅਨੇਕਾਂ ਵਿਸ਼ੇਸ਼ਤਾਵਾਂ ਦਾ ਉਲੇਖ ਕੀਤਾ ਹੈ। ਮੁਲਤਾਨੀ ਪੰਜਾਬੀ ਦੀ ਉਪਬੋਲੀ ਹੈ, ਜਿਸ ਦਾ ਆਪਣਾ ਸ਼ਬਦ-ਭੰਡਾਰ ਤੇ ਵਿਆਕਰਨ ਹੈ, ਇਹ ਅਪ੍ਰਭੰਸ਼ ਤੋਂ ਪ੍ਰਭਾਵਿਤ ਹੈ।

ਮੁਲਤਾਨੀ ਦੀ ਮਹੱਤਤਾ ਦਾ ਉਲੇਖ ਕਰਦੇ ਹੋਏ ਡਾ: ਹਰਕੀਰਤ ਸਿੰਘ ਲਿਖਦੇ ਹਨ, 'ਮੁਲਤਾਨੀ' ਪੰਜਾਬੀ ਦੀ ਇੱਕ ਉਪਬੋਲੀ ਹੈ ਜਿਸ ਦਾ ਪੰਜਾਬੀ ਭਾਸ਼ਾ ਤੇ ਪੰਜਾਬੀ ਸਾਹਿਤ ਦੇ ਇਤਿਹਾਸ ਵਿੱਚ ਵਿਸ਼ੇਸ਼ ਮਹੱਤਤਾ ਵਾਲ਼ਾ ਸਥਾਨ ਹੈ। ਪੰਜਾਬੀ ਕਾਵਿ ਦਾ ਸਭ ਤੋਂ ਪੁਰਾਣਾ ਨਮੂਨਾ ਸ਼ੇਖ ਫ਼ਰੀਦ (1173-1266) ਦੀ ਬਾਣੀ ਹੈ, ਜੋ ਉਸ ਸਮੇਂ ਦੀ ਸ਼ੁੱਧ ਮੁਲਤਾਨੀ ਵਿੱਚ ਹੈ। ਕਿੱਸਾ-ਕਾਵਿ ਵਿੱਚ ਸਭ ਤੋਂ ਪੁਰਾਣਾ ਕਿੱਸਾ 'ਹੀਰ ਦਮੋਦਰ' ਹੈ, ਜੋ ਮੁਲਤਾਨੀ ਵਿੱਚ ਹੈ। ਡਾ: ਹਰਕੀਰਤ ਸਿੰਘ ਅਤੇ ਡਾ: ਹਰਦੇਵ ਬਾਹਰੀ ਨੇ ਇਸ ਬੋਲੀ ਦੀਆਂ ਵਿਸ਼ੇਸ਼ਤਾਵਾਂ ਨੂੰ ਉਜਾਗਰ ਕੀਤਾ ਹੈ।

1. ਮੁਲਤਾਨੀ ਵਿੱਚ ਘ, ਝ, ਢ, ਧ, ਭ ਦੀਆਂ ਧੁਨੀਆਂ ਦਾ ਉਚਾਰਨ ਠੀਕ ਨਾਦੀ ਮਹਾਂਪ੍ਰਾਣ ਗੁਣਾਂ ਵਾਲ਼ਾ ਹੈ।

Downloaded from https:// www.studiestoday.com

Downloaded from https:// www.studiestoday.com



2. ਮੁਲਤਾਨੀ ਵਿੱਚ ਨੀਵੀਂ ਸੁਰ ਬਿਲਕੁਲ ਨਹੀਂ ਉਚਾਰੀ ਜਾਂਦੀ ਅਤੇ ਉੱਚੀ ਸੁਰ ਵੀ ਬਹੁਤ ਘੱਟ ਹੈ।
3. /ਐ/ ਦੀ ਧੁਨੀ ਮੁਲਤਾਨੀ ਦੇ ਵਧੇਰੇ ਇਲਾਕੇ ਵਿੱਚ ਨਹੀਂ ਉਚਾਰੀ ਜਾਂਦੀ, ਇਸ ਦੀ ਥਾਂ ਦੋ ਸੰਧੀ ਸਵਰ 'ਆਓ' ਵਰਤਿਆ ਜਾਂਦਾ ਹੈ, ਜਿਵੇਂ 'ਮਓਤ, ਫਓਜ਼, ਕਓਣ ਆਦਿ ਵਿੱਚ।
4. ਉਲਟ-ਜੀਭੀ 'ਲ਼' ਵੀ ਮੁਲਤਾਨੀ ਵਿੱਚ ਨਹੀਂ ਮਿਲ਼ਦਾ।
5. ਸੰਯੁਕਤ ਵਿਅੰਜਨ ਮੁਲਤਾਨੀ ਵਿੱਚ ਪੂਰਬੀ ਨਾਲ਼ੋਂ ਵਧੇਰੇ ਉਚਾਰੇ ਜਾਂਦੇ ਹਨ। ਸੂਤ੍ਰ 'ਨੀਂਦ੍ਰ' 'ਪੁਤ੍ਰ' ਆਦਿ ਵਿੱਚ ਅੰਤਿਮ ਸੰਯੁਕਤ ਵਿਅੰਜਨ ਠੀਕ ਸੰਯੁਕਤ ਰੂਪ ਵਿੱਚ ਮਿਲ਼ਦੇ ਹਨ। ਪੂਰਬੀ ਪੰਜਾਬੀ ਵਿੱਚ ਇਹਨਾਂ ਵਿਅੰਜਨਾਂ ਦਾ ਸੰਯੁਕਤ ਉਚਾਰਨ ਕਾਇਮ ਨਹੀਂ ਹੁੰਦਾ।

## ਮੁਲਤਾਨੀ ਸ਼ਬਦਾਵਲੀ ਦਾ ਟਕਸਾਲੀ ਪੰਜਾਬੀ ਵਿੱਚ ਰੂਪਾਂਤਰ

### ਰੇਖਾ-ਚਿੱਤਰ

| **ਮੁਲਤਾਨੀ ਸ਼ਬਦ** | **ਟਕਸਾਲੀ ਰੂਪ** |
|---|---|
| ਸਡਨਾ | ਸਦਨਾ |
| ਡੇਨੀਆਂ | ਦੇਂਦੀ ਹਾਂ |
| ਕਾਵਰ | ਨਰਾਜ਼ਗੀ, ਗ਼ੁੱਸਾ |
| ਡੇਸੀ | ਦੇਵੇਗਾ |
| ਰਾਹਦਾ | ਰਹਾਂਗਾ, ਰਹਿੰਦਾ |
| ਘਿੰਨਣੀ | ਲੈਣੀ |
| ਡਸਣਾ | ਦੱਸਣਾ |
| ਢਾਂਹਦੇਨ | ਡਿਗਦੇ ਹਨ |
| ਸਡਵੇਂਦਾ | ਬੁਲਾਉਂਦਾ, ਸਦਾਉਂਦਾ |
| ਅਲੇਦਾ | ਬੋਲਦਾ |
| ਕੁਵੰਨ | ਬੁਰੇ |
| ਜ਼ਾਲ | ਪਤਨੀ, ਤੀਵੀਂ |
| ਡਿਤੀਅਮ | ਦਿੱਤੀ |
| ਦੀਗਰ | ਸ਼ਾਮ ਵੇਲ਼ਾ, ਤਕਾਲਾਂ |

Downloaded from https:// www.studiestoday.com

Downloaded from https:// www.studiestoday.com



| ਮੁਲਤਾਨੀ ਸ਼ਬਦ | ਟਕਸਾਲੀ ਰੂਪ |
|---|---|
| ਕੁਆਰ | ਵਹੁਟੀ |
| ਥੀਸੀ | ਹੋਵੇਗੀ |
| ਹਕੱਲ | ਆਵਾਜ਼ ਮਾਰਨਾ |
| ਡੀਂਹ | ਦਿਹਾੜਾ, ਦਿਨ |
| ਹੁਨਾਲੇ | ਗਰਮੀਆਂ ਵਿੱਚ |
| ਕਿਥਾਈਂ | ਕਿੱਥੇ |
| ਡਾਖਣੀ | ਦੁਖੜਾ |
| ਤਰੋਟਾ | ਕਮੀ, ਘਾਟ |
| ਸੋਝਲਾ | ਪ੍ਰਕਾਸ਼, ਰੋਸ਼ਨੀ |
| ਵੰਜਾਵੇ | ਗੁਆਵੇ |
| ਅੰਜੋਅੰਜ ਥੀਆ | ਅਲੱਗ-ਅਲੱਗ ਹੋਇਆ |
| ਪੜੋਪੀ | ਸੇਰ ਦਾ ਚੌਥਾ ਹਿੱਸਾ |
| ਬੰਨਾ | ਲਾੜਾ |
| ਅਲਾਵੇ | ਬੁਲਾਵੇ |

## ਮਾਝੀ ਉਪਭਾਸ਼ਾ

ਮਾਝੀ ਉਪਭਾਸ਼ਾ ਸਾਂਝੇ ਪੰਜਾਬ ਦੇ "ਮਾਝਾ" ਇਲਾਕੇ ਦੀ ਬੋਲੀ ਹੈ। ਮਾਝੀ ਜ਼ਿਲ੍ਹਾ ਅੰਮ੍ਰਿਤਸਰ, ਜ਼ਿਲ੍ਹਾ ਗੁਰਦਾਸਪੁਰ, ਪਠਾਨਕੋਟ, ਜ਼ਿਲ੍ਹਾ ਤਰਨਤਾਰਨ ਅਤੇ ਪਾਕਿਸਤਾਨ ਦੇ ਜ਼ਿਲ੍ਹਾ ਲਾਹੌਰ ਵਿੱਚ ਬੋਲੀ ਜਾਂਦੀ ਹੈ। ਇਸ ਤੋਂ ਬਿਨਾਂ ਗੁੱਜਰਾਂਵਾਲਾ ਜ਼ਿਲ੍ਹਾ ਸਿਆਲਕੋਟ ਅਤੇ ਨਾਰੋਵਾਲ ਦੀ ਬੋਲੀ ਵੀ ਮਾਝੀ ਨਾਲ਼ ਮਿਲ਼ਦੀ ਹੈ।

ਮਾਝੀ ਵਿੱਚ ਪੰਜਾਬੀ ਦੀਆਂ ਉੱਚੀ, ਸਾਂਵੀਂ, ਨੀਵੀਂ, ਤਿੰਨੋਂ, ਸੁਰਾਂ ਉਚਾਰੀਆਂ ਜਾਂਦੀਆਂ ਹਨ, ਹੁਣ ਮਾਝੀ ਵਿੱਚ ਸੁਰਾਂ ਦੀ ਵਰਤੋਂ ਹੋਰ ਵੀ ਵਧਦੀ ਜਾ ਰਹੀ ਹੈ। ਮਾਝੀ ਵਿੱਚ ਸ਼ਬਦਾਂ ਦੇ ਦਰਮਿਆਨ ਤੇ ਅਖ਼ੀਰ 'ਤੇ ਹ-ਧੁਨੀ ਨਹੀਂ ਬੋਲੀ ਜਾਂਦੀ, ਇਸ ਲਈ "ਸੁਹਾਗਾ, ਪਹਾੜ" ਦਾ ਮਾਝੀ ਉਚਾਰਨ "ਸੁਆ੍ਗਾ, ਪਆ੍ੜ" ਹੀ ਹੈ।

ਮਾਝੀ ਵਿੱਚ ਸੰਜੋਗਾਤਮਿਕ ਬਣਤਰ ਜ਼ਿਆਦਾ ਹੈ ਜਿਵੇਂ ਮਾਝੀ ਵਿੱਚ "ਹੱਥੀਂ ਕੀਤਾ, ਅੱਖੀਂ ਡਿੱਠਾ," ਹੈ ਪਰ ਮਲਵਈ ਵਿੱਚ "ਹੱਥਾਂ ਨਾਲ਼ ਕੀਤਾ, ਅੱਖਾਂ ਨਾਲ਼

Downloaded from https:// www.studiestoday.com

Downloaded from https:// www.studiestoday.com



ਵੇਖਿਆ" ਹੈ ਏਸੇ ਤਰ੍ਹਾਂ ਮਾਝੀ ਵਿੱਚ "ਸਕੂਲੇ ਗਿਆ, ਬੱਸੇ ਚੜ੍ਹਿਆ" ਹੈ ਪਰ ਟਕਸਾਲੀ ਪੰਜਾਬੀ ਵਿੱਚ "ਸਕੂਲ ਗਿਆ, ਬੱਸ ਤੇ ਚੜ੍ਹਿਆ" ਹੈ।

ਮਾਝੀ ਭਾਵੇਂ ਟਕਸਾਲੀ ਪੰਜਾਬੀ ਦੀ ਆਧਾਰ-ਬੋਲੀ ਹੈ ਪਰ ਬੋਲ-ਚਾਲ ਦੀ ਪੱਧਰ ਤੇ ਮਾਝੀ ਉਪਭਾਸ਼ਾ ਵਿੱਚ ਟਕਸਾਲੀ ਪੰਜਾਬੀ ਭਾਸ਼ਾ ਨਾਲ਼ੋਂ ਕਾਫ਼ੀ ਅੰਤਰ ਹੈ। ਬੋਲ-ਚਾਲੀ ਮਾਝੀ ਦੇ ਨਮੂਨੇ ਦੇ ਵਾਕ ਵੇਖੋ–

| **ਟਕਸਾਲੀ–ਪੰਜਾਬੀ** | **ਬੋਲ-ਚਾਲੀ–ਮਾਝੀ** |
|---|---|
| ਕੀ ਕਰਦੇ ਹੋ ? | ਕੀ ਕਰਨ ਡਏ ਓ ? |
| ਕਿੱਥੇ ਚਲਿਆ ਹੈਂ ? | ਕਿੱਥੇ ਜਾਣ ਡਿਆ ਏਂ ? |
| ਉਸ ਨੇ ਕਿਹਾ। | ਉਸ ਕਿਹਾ। |
| ਉਹਨਾਂ ਨੇ ਕਿਹਾ। | ਓਨ ਕਿਹਾ। |
| ਇਹਨਾਂ ਨੇ ਕਿਹਾ। | ਏਨ ਕਿਹਾ। |

**ਮਾਝੀ ਦੀ ਸ਼ਬਦਾਵਲੀ ਦਾ ਟਕਸਾਲੀ ਪੰਜਾਬੀ ਵਿੱਚ ਰੂਪਾਂਤਰ**

| ਮਾਝੀ ਸ਼ਬਦਾਵਲੀ | ਟਕਸਾਲੀ ਰੂਪ |
|---|---|
| ਗਾਝੀ | ਅੱਗੇ |
| ਗੁੱਧਾ | ਗੁੰਨ੍ਹਿਆ |
| ਰਿੱਧਾ | ਰਿੰਨ੍ਹਿਆ |
| ਡਿੱਠਾ | ਵੇਖਿਆ |
| ਆਪੂੰ | ਆਪੇ |
| ਰੁਮਾਨ | ਅਰਾਮ |
| ਭਾਊ | ਭਾਈ |
| ਕੂਣਾ | ਬੋਲਣਾ |
| ਆਂਹਦਾ | ਆਖਦਾ |
| ਟੱਲੀ | ਲੀਰ, ਟਾਕੀ |
| ਬੁੱਢੀ | ਘਰਵਾਲ਼ੀ, ਵਹੁਟੀ |
| ਖੜਨਾ | ਲੈ ਜਾਣਾ |
| ਮੁੱਢ | ਕੋਲ਼ |

Downloaded from https:// www.studiestoday.com

Downloaded from https:// www.studiestoday.com



| ਮਾਝੀ ਸ਼ਬਦਾਵਲੀ | ਟਕਸਾਲੀ ਰੂਪ |
|---|---|
| ਲਾਗੇ | ਨੇੜੇ |
| ਝਬਦੇ | ਛੇਤੀ |
| ਵਾਂਢੇ-ਟੀਂਡੇ | ਲੌਂਣੇ |
| ਵ੍ਹੇਲੀ | ਹਵੇਲੀ |
| ਬਊਤਾ | ਬਹੁਤਾ |
| ਨੇਂਦਰਾ | ਨਿਉਂਦਰਾ |
| ਤੋੜੀ | ਤੱਕ |
| ਪਹੂ | ਪਸ਼ੂ |
| ਪੈਹਾ | ਪੈਸਾ |
| ਸਲੂਣਾ | ਸਬਜ਼ੀ-ਭਾਜੀ |
| ਝਾਈ | ਮਾਂ |
| ਯਾਰਾਂ | ਗਿਆਰਾਂ |
| ਧਿਆਨੂੰ | ਤੁਹਾਨੂੰ |
| ਧਿਆਡਾ | ਤੁਹਾਡਾ |
| ਧੁਆਥੋਂ | ਤੁਹਾਥੋਂ |
| ਜਾਂਦਾ ਏ | ਜਾਂਦਾ ਹੈ |
| ਜਾਂਦੇ ਨੇ | ਜਾਂਦੇ ਹਨ |
| ਏਨ | ਇਸ ਨੇ |
| ਓਨ | ਉਸ ਨੇ |
| ਇੰਝ | ਇਉਂ |
| ਕਿੰਝ | ਕਿਉਂ |
| ਉਸ ਕਿਹਾ | ਉਸ ਨੇ ਕਿਹਾ |
| ਉਨ ਕਿਹਾ | ਉਹਨਾਂ ਨੇ ਕਿਹਾ |
| ਕੇਨ ਕਿਹਾ? | ਕਿਨ੍ਹਾਂ ਨੇ ਕਿਹਾ? |
| ਦਾਤਰੀ | ਦਾਤ-ਦਾਤੀ |
| ਭਲ਼ਕੇ | ਕੱਲ੍ਹ (ਆਉਣ ਵਾਲ਼ਾ) |

Downloaded from https:// www.studiestoday.com

Downloaded from https:// www.studiestoday.com



## ਮਲਵਈ ਉਪਭਾਸ਼ਾ

ਪੰਜਾਬ ਦੇ "ਮਾਲਵਾ" ਇਲਾਕੇ ਦੀ ਬੋਲੀ ਨੂੰ "ਮਲਵਈ" ਕਿਹਾ ਜਾਂਦਾ ਹੈ। ਮਲਵਈ ਉਪਭਾਸ਼ਾ ਦੇ ਖੇਤਰ ਵਿੱਚ ਬਠਿੰਡਾ, ਮਾਨਸਾ, ਫ਼ਰੀਦਕੋਟ, ਫਾਜ਼ਲਿਕਾ, ਸ੍ਰੀ ਮੁਕਤਸਰ ਸਾਹਿਬ, ਮੋਗਾ, ਬਰਨਾਲਾ, ਫ਼ਿਰੋਜ਼ਪੁਰ, ਸੰਗਰੂਰ ਤੇ ਲੁਧਿਆਣਾ ਦੇ ਸਾਲਮ ਜ਼ਿਲ੍ਹੇ ਅਤੇ ਪਟਿਆਲ਼ਾ ਜ਼ਿਲ੍ਹੇ ਦਾ ਦੱਖਣ-ਪੱਛਮੀ ਭਾਗ ਸ਼ਾਮਲ ਹਨ। ਸੋ, ਮਲਵਈ ਬਹੁਤ ਵੱਡੇ ਰਕਬੇ ਦੀ ਬੋਲੀ ਹੈ।

ਮਲਵਈ ਵਿੱਚ ਧੁਨੀ-ਸੰਗੋੜ ਦੀ ਬਹੁਤ ਵਰਤੋਂ ਹੈ, ਬੋਲਣ ਵੇਲ਼ੇ ਮਲਵਈ ਧੁਨੀਆਂ ਨੂੰ ਐਵੇਂ ਹੀ ਸੰਗੋੜ ਦਿੰਦੇ ਹਨ, ਜਿਵੇਂ ਅਨਾਜ ਨੂੰ ਨਾਜ, ਅਖੰਡ-ਪਾਠ ਨੂੰ ਖੰਡ ਪਾਠ, ਇਨਾਮ ਨੂੰ ਨਾਮ। ਮਲਵਈ ਵਿੱਚ ਸ਼-ਛ-ਸ ਦਾ ਆਮ ਅੰਤਰ-ਵਟਾਂਦਰਾ ਹੈ, ਜਿਵੇਂ ਛਾਤੀ ਨੂੰ ਸ਼ਾਤੀ, ਸੜਕ ਨੂੰ ਛੜਕ, ਸ਼ੁਰੂ ਨੂੰ ਛੁਰੂ, ਆਮ ਉਚਾਰੇ ਜਾਂਦੇ ਹਨ। ਮਲਵਈ ਦੇ ਪੜਨਾਂਵ ਜਿਵੇਂ ਥੋਨੂੰ, ਥੋਡਾ, ਥੁਆਡਾ, ਆਦਿ ਵਿਲੱਖਣ ਹਨ। ਆਪਾਂ (ਤੂੰ ਤੇ ਮੈਂ) ਮਲਵਈ ਦਾ ਖ਼ਾਸ ਪਛਾਣ ਚਿੰਨ੍ਹ ਹੈ, ਭਾਵੇਂ ਹੁਣ "ਆਪਾਂ" ਇੱਕ ਫੈਸ਼ਨ ਵਜੋਂ ਬਾਕੀ ਉਪਭਾਸ਼ਾਵਾਂ ਵਿੱਚ ਬੋਲਣਾ ਵੀ ਜਾਰੀ ਹੋ ਗਿਆ ਹੈ। ਸੰਬੰਧਕਾਂ ਵਿੱਚ ਕਾ, ਕੀ, ਕੇ, ਕਿਆਂ, ਕੀਆਂ ਨਵੇਕਲੇ ਹਨ ਜਿਵੇਂ 'ਬੰਤੇ ਕੀ ਘਲਾੜੀ (ਬੰਤੇ ਦਾ ਵੇਲਣਾ), ਜੋਧ ਸਿੰਹੁ ਕਾ ਘਰ (ਜੋਧ ਸਿੰਘ ਦਾ ਘਰ), ਅਮਲੀ ਕੀਆਂ ਬੱਕਰੀਆਂ (ਅਮਲੀ ਦੀਆਂ ਬੱਕਰੀਆਂ) ਆਦਿ। ਮਲਵਈ ਦੀ ਵੰਨਗੀ ਵੇਖੋ—

"ਦੇਖ ਬੀਰ, ਆਪਾਂ ਤਿੰਨ ਭਾਈ ਐਂ, ਜੇ ਸਾਰੇ ਈ ਅੱਡ-ਅੱਡ ਹੋ ਕੇ ਬਹਿਗੇ, ਤਾਂ ਕਿਮੇਂ ਨਿਭੂ ? ਦੇਖ ਬਾਈ ਸਿੰਹਾਂ, ਹੁਣ ਕੁਸ਼ ਕਰਨਾ ਪਊ।"

### ਮਲਵਈ ਸ਼ਬਦਾਵਲੀ ਦਾ ਟਕਸਾਲੀ ਪੰਜਾਬੀ ਵਿੱਚ ਰੂਪਾਂਤਰ

**ਰੇਖਾ-ਚਿੱਤਰ**

| ਮਲਵਈ ਸ਼ਬਦਾਵਲੀ | ਟਕਸਾਲੀ ਰੂਪ |
|---|---|
| ਸਦੇਹਾਂ | ਸਵੇਰੇ |
| ਸਾਝਰੇ | ਤੜਕੇ |
| ਛਈ ਦੇਣੇ | ਛੇਤੀ ਨਾਲ਼ |
| ਨਘੋਚ | ਨੁਕਸ |
| ਮਾਖੋਚੌੜ | ਸ਼ਰਾਰਤ, ਇੱਲਤ |
| ਜਰਾਂਦ | ਜੇਰਾ, ਧੀਰਜ |
| ਧੰਗੇੜ | ਧੱਕਾ |

Downloaded from https:// www.studiestoday.com

Downloaded from https:// www.studiestoday.com



| ਮਲਵਈ ਸ਼ਬਦਾਵਲੀ | ਟਕਸਾਲੀ ਰੂਪ |
|---|---|
| ਭਾਨੀ | ਚੁਗ਼ਲੀ |
| ਹੁਝਕਾ | ਝਟਕਾ |
| ਕਧਿੱਤਾਂ | ਇੱਲਤਾਂ |
| ਬੱਬਰ | ਢਿੱਡ |
| ਵੱਗਣਾ | ਤੁਰਨਾ, ਜਾਣਾ |
| ਜੰਨ | ਜੰਝ, ਜੰਞ |
| ਮ੍ਹੈਸ/ਮਹਿੰ | ਮੱਝ |
| ਪੱਚੀ | ਪੰਝੀ |
| ਘਚਾਨੀ | ਚਲਾਕੀ |
| ਕੇਰਾਂ | ਇੱਕ ਵੇਰਾਂ |
| ਮਖਿਆ | ਮੈਂ ਆਖਿਆ |
| ਜਮਾਂ ਈ | ਉੱਕਾ ਈ |
| ਖੋਜਾ | ਖਲੋ ਜਾ |
| ਮੂਹਰੇ | ਅੱਗੇ |
| ਆਥਣ | ਸ਼ਾਮ |
| ਅਵਦਾ/ਆਵਦਾ | ਆਪਣਾ |
| ਬੋਤਾ | ਊਠ |
| ਸੋਬਤੀ | ਸੁਤੇ ਹੀ |
| ਖਬਣੀ | ਖ਼ਬਰ ਨਹੀਂ |
| ਤੋਕੀ | ਐਤਕੀਂ |
| ਘੌਲ਼ | ਸੁਸਤੀ, ਆਲ਼ਸ |
| ਐਂਮੇਂ | ਐਂਵੇਂ |
| ਆਮਾਂਗੇ | ਆਵਾਂਗੇ |
| ਥੋਨੂੰ | ਤੁਹਾਨੂੰ |
| ਥੋਡਾ | ਤੁਹਾਡਾ |
| ਖੁਣੋਂ | ਬਿਨਾਂ |

Downloaded from https:// www.studiestoday.com

Downloaded from https:// www.studiestoday.com



| ਮਲਵਈ ਸ਼ਬਦਾਵਲੀ | ਟਕਸਾਲੀ ਰੂਪ |
|---|---|
| ਥਾਣੀਂ | ਬਿਨਾਂ |
| ਕੰਨ-ਬਲੇਲ | ਕੰਨਸੋ |
| ਧੱਤ | ਆਦਤ |
| ਉਕਰ | ਆਦਰ |
| ਜਭਲ਼ੀ | ਊਲ-ਜਲੂਲ |
| ਐਮੇਂ-ਜਿਮੇਂ | ਇਵੇਂ-ਜਿਵੇਂ |
| ਮੌਲਾ ਢਾਂਡਾ | ਬੈਲ |
| ਬਾਈ | ਵੱਡਾ ਭਾਈ |
| ਬੋਦਾ | ਪੁਰਾਣਾ |
| ਆਖੂੰਗਾ | ਆਖਾਂਗਾ |
| ਛੀ | ਛੇ (ਪੰਜ ਤੇ ਇੱਕ) |
| ਬਰੋ-ਬਰੋਬਰ | ਬਰਾਬਰ |
| ਕੀ ਕਹਿਨੈਂ ? | ਤੂੰ ਕੀ ਕਹਿੰਦਾ ਹੈਂ ? |
| ਉਂ ਈਂ | ਉਂਜ ਹੀ |
| ਡੂਢ | ਡੇਢ |

## ਦੁਆਬੀ ਉਪਭਾਸ਼ਾ

"ਦੁਆਬੀ" ਪੰਜਾਬ ਦੇ ਦੁਆਬਾ ਇਲਾਕੇ ਦੀ ਬੋਲੀ ਹੈ। ਦੁਆਬੀ ਹੁਸ਼ਿਆਰਪੁਰ, ਜਲੰਧਰ, ਸ਼ਹੀਦ ਭਗਤ ਸਿੰਘ ਨਗਰ ਤੇ ਕਪੂਰਥਲਾ ਜ਼ਿਲ੍ਹਿਆਂ ਵਿੱਚ ਬੋਲੀ ਜਾਂਦੀ ਹੈ। ਦੁਆਬੀ ਦੇ ਇੱਕ ਪਾਸੇ ਮਾਝੀ ਤੇ ਦੂਜੇ ਪਾਸੇ ਮਲਵਈ ਉਪਭਾਸ਼ਾ ਹੈ ਇਸ ਲਈ ਦੁਆਬੀ ਉਪਭਾਸ਼ਾ ਉੱਤੇ ਦੋਹਾਂ ਦਾ ਚੋਖਾ ਪ੍ਰਭਾਵ ਹੈ।

ਡਾ. ਐੱਸ. ਐੱਸ. ਜੋਸ਼ੀ ਨੇ ਦੁਆਬੀ ਬੋਲੀ ਬਾਰੇ ਡੂੰਘੀ ਖੋਜ ਕਰਕੇ ਇਸ ਦੀਆਂ ਨਵੇਕਲੀਆਂ ਸਿਫ਼ਤਾਂ ਖੋਜ ਕੱਢੀਆਂ ਹਨ। ਵਾਵੇ ਨੂੰ ਬੱਬਾ ਬੋਲਣਾ ਦੁਆਬੀਆਂ ਦਾ ਆਮ ਸੁਭਾਅ ਹੈ, ਜਿਵੇਂ "ਬੋਲ ਬਰਿਆਮ ਸਿੰਹਾਂ ਬਾਗਰੂ" ਜਾਂ "ਬਹਿੜਕੇ ਦੀ ਬੱਖੀ ਬਿੱਚ ਬੱਟਾ ਮਾਰਿਆ।"

ਇਸੇ ਤਰ੍ਹਾਂ ਦੁਆਬੀ ਦੇ ਵਾਕ-ਵਿਧਾਨ ਵਿੱਚ ਸਹਾਇਕ ਕਿਰਿਆਵਾਂ ਤੇ ਕਿਰਿਆਵਾਂ ਦੀ ਵਰਤੋਂ ਵੀ ਵਿਲੱਖਣ ਹੈ, ਕੁਝ ਮਿਸਾਲਾਂ ਵੇਖੋ—

(1) "ਉਹ ਗਏ ਓਏ ਆ" (ਉਹ ਗਏ ਹੋਏ ਹਨ)

(2) "ਤੁਸੀਂ ਆਏ ਏ ਨੀਂ" (ਤੁਸੀਂ ਆਏ ਹੀ ਨਹੀਂ)

Downloaded from https:// www.studiestoday.com

Downloaded from https:// www.studiestoday.com



(3) "ਕੁਲਦੀਪ ਆ ਈ ਉ ਆ" (ਕੁਲਦੀਪ ਆਈ ਹੋਈ ਹੈ),

(4) "ਦੇਅ੍ਰਤਾਂ ਕੀ ਕਰਦਾ ਆ ?" (ਵੇਖ ਤਾਂ, ਉਹ ਕੀ ਕਰਦਾ ਹੈ ?")

ਦੁਆਬੀ ਉਪਭਾਸ਼ਾ ਵਿੱਚ ਕਰਮਣੀ ਵਾਚ ਤੇ ਭਾਵ ਵਾਚ ਵਿੱਚ ਉੱਭਰਵਾਂ ਵਖਰੇਵਾਂ ਮਿਲ਼ਦਾ ਹੈ। ਪੋਠੋਹਾਰੀ ਵਿੱਚ "ਕਰੇਂਦਾ" ਮਲਵਈ ਵਿੱਚ "ਕਰੀਦਾ, ਬਹੀਦਾ" ਪਰ ਦੁਆਬੀ ਵਿੱਚ ਕਰਮਣੀ ਪ੍ਰਯੋਗ ਹਨ "ਕਰ ਨਹੀਂ ਹੁੰਦਾ, ਬਹਿ ਨਹੀਂ ਹੁੰਦਾ।" ਦੁਆਬੀ ਦੀ ਵੰਨਗੀ ਪੇਸ਼ ਹੈ—

"ਮਿੰਦ੍ਹੇ ਦਾ ਪੇ ਆਇਆ, ਘੇ ਲਿਆਇਆ। ਮੈਂ ਰੀਣ ਕੁ ਮੰਗਿਆ, ਮੇਰੇ ਧੰਮੋੜੀ ਲੜਗੀ, ਓ ਨੂੰ ਲੱਝਾ ਈ ਨਾ"

## ਦੁਆਬੀ ਸ਼ਬਦਾਵਲੀ ਦਾ ਟਕਸਾਲੀ ਪੰਜਾਬੀ ਵਿੱਚ ਰੂਪ

### ਰੇਖਾ-ਚਿੱਤਰ

| ਦੁਆਬੀ ਸ਼ਬਦਾਵਲੀ | ਟਕਸਾਲੀ ਰੂਪ |
|---|---|
| ਘੇ | ਘਿਓ |
| ਪੇ | ਪਿਓ |
| ਦੇ | ਦਿਓ |
| ਦੋ੍ਹਤਾ | ਦੋਹਤਰਾ |
| ਨੇਂਦਾ | ਨਿਓਂਦਰਾ |
| ਬੀਹੀਂ | ਵੀਹਵਾਂ |
| ਜਨੇਤ | ਜੰਞ, ਜੰਵ |
| ਪੱਛੋਂ | ਪੱਛਮ |
| ਜੰਮਣ | ਜਾਗ [ਦਹੀਂ ਲਈ] |
| ਜਿੱਦਣ | ਜਦੋਂ |
| ਕਿੱਦਣ | ਕਦੋਂ |
| ਓਦਣ | ਉਸ ਦਿਨ |
| ਚਕ | ਚੁੱਕ |
| ਪਟ | ਪੁੱਟ |
| ਭਾਬੀ | ਮਾਂ |

Downloaded from https:// www.studiestoday.com

Downloaded from https:// www.studiestoday.com



| **ਦੁਆਬੀ ਸ਼ਬਦਾਵਲੀ** | **ਟਕਸਾਲੀ ਰੂਪ** |
|---|---|
| ਗੱਭੇ | ਦਰਮਿਆਨ |
| ਗੱਭਲਾ | ਮੰਝਲਾ |
| ਰੀਣ ਕੁ | ਭੋਰਾ ਭਰ |
| ਮਧੋੜੀ/ਧੰਮੋੜੀ | ਭਰਿੰਡ, ਭੂੰਡੀ |
| ਲੱਝਣਾ | ਲੱਭਣਾ |
| ਕਿੱਦਾਂ | ਕਿਵੇਂ |
| ਨੌਂਹ | ਨੂੰਹ |
| ਹੁਧਾਰ | ਉਧਾਰ |
| ਲਮੇਂਗਾ | ਲਵੇਂਗਾ |
| ਗੋਲ਼ੂ | ਗੋਲ਼ਾ |
| ਚੋ | ਜਲ-ਧਾਰ |
| ਗੇਝੜਾ | ਗਿੱਝਣਾ |
| ਲੋਹਾਂਡਾ | ਤਸਲਾ, ਬਠਲਾ |
| ਸੇਰੂ | ਸੇਰੂਆਂ ਮੰਜੇ ਦਾ |
| ਭੇਂ ਕੇ | ਭਿਉਂ ਕੇ |
| ਸੀਗਾ | ਸੀ |
| ਸੀਗੇ | ਸਨ |
| ਖਾਊਂਗਾ | ਖਾਵਾਂਗਾ |
| ਜਾਊਂਗਾ | ਜਾਵਾਂਗਾ |
| ਪੱਛੀ | ਪੀੜੇ ਕਮਾਦ ਦਾ ਸੁੱਕਾ ਫੋਕ |
| ਤੌੜੀ | ਮਟਕੀ |
| ਊਠ-ਅਰਗਾ | ਊਠ-ਵਰਗਾ |
| ਬੌਲ਼ਦ ਮਾਰਖੰਡਾ ਆ | ਬੈਲ ਮਾਰਖੰਡਾ ਹੈ |
| ਮੁੱਲ ਜਾਦਾ ਆ | ਮੁੱਲ ਜ਼ਿਆਦਾ ਹੈ |
| ਇਮੇਂ, ਕਿਮੇਂ, ਜਿਮੇਂ | ਇਵੇਂ, ਕਿਵੇਂ, ਜਿਵੇਂ |
| ਜਿੱਦਾਂ | ਜਿਵੇਂ |
| ਥੁਆਡਾ | ਤੁਹਾਡਾ |

Downloaded from https:// www.studiestoday.com

Downloaded from https:// www.studiestoday.com



## ਪੁਆਧੀ ਉਪਭਾਸ਼ਾ

ਪੰਜਾਬ ਦੇ "ਪੁਆਧ" ਇਲਾਕੇ ਦੀ ਬੋਲੀ ਨੂੰ "ਪੁਆਧੀ" ਕਿਹਾ ਜਾਂਦਾ ਹੈ। ਪੁਆਧੀ ਦਾ ਖੇਤਰ ਜ਼ਿਲ੍ਹਾ ਰੋਪੜ, ਜ਼ਿਲ੍ਹਾ ਫਤਹਿਗੜ੍ਹ, ਜ਼ਿਲ੍ਹਾ ਪਟਿਆਲੇ ਦਾ ਪੂਰਬੀ ਭਾਗ, ਮਲੇਰਕੋਟਲਾ ਦਾ ਇਲਾਕਾ, ਨਾਲਾਗੜ੍ਹ ਦਾ ਪਿਛਲਾ ਪਾਸਾ, ਸਤਲੁਜ ਦਰਿਆ ਨਾਲ਼ ਲਗਦੀ ਜ਼ਿਲ੍ਹਾ ਲੁਧਿਆਣੇ ਦੀ ਗੁੱਠ, ਅੰਬਾਲੇ ਦਾ ਥਾਣਾ-ਸਦਰ ਵਾਲ਼ਾ ਪਾਸਾ ਅਤੇ ਜੀਂਦ ਦੇ ਕੁਝ ਪਿੰਡ ਸ਼ਾਮਲ ਹਨ। ਜ਼ਿਲ੍ਹਾ ਲੁਧਿਆਣੇ ਵੱਲ ਵਹਿੰਦੇ ਸਤਲੁਜ ਦਰਿਆ ਤੋਂ ਲੈ ਕੇ ਧੁਰ ਘੱਗਰ ਦਰਿਆ ਤੱਕ ਪੁਆਧੀ ਉਪਭਾਸ਼ਾ ਦਾ ਵਿਸਤਾਰ ਹੈ।

ਪੁਆਧੀ ਬਾਰੇ ਡਾ. ਬਲਬੀਰ ਸਿੰਘ ਸੰਧੂ ਦੀ ਖੋਜ ਮਹੱਤਵਪੂਰਨ ਹੈ। ਪੁਆਧੀ ਦੀਆਂ ਨਿੱਜੀ ਵਿਸ਼ੇਸ਼ਤਾਵਾਂ ਉਪਲਬਧ ਹਨ। ਪੁਆਧੀ ਵਿੱਚ ਪੰਜਾਬੀ ਦੀਆਂ ਤਿੰਨੇਂ ਸੁਰਾਂ ਪ੍ਰਾਪਤ ਹਨ ਪਰ ਇਸ ਵਿੱਚ ਕਈ ਥਾਂਈਂ ਸ਼ਬਦਾਂ ਦੇ ਵਿਚਕਾਰਲੀ ਤੇ ਅੰਤਲੀ ਹ-ਧੁਨੀ ਸੁਰ ਵਿੱਚ ਨਹੀਂ ਬਦਲਦੀ, ਪੂਰੀ ਉਚਾਰੀ ਜਾਂਦੀ ਹੈ-ਜਿਵੇਂ— ਕਹੀ, ਪਹਾੜ, ਕਿਹਾ, ਮਹੀਨਾ, ਖੂਹ, ਚਾਹ, ਰਾਹ ਆਦਿ।

ਪੁਆਧੀ ਬੋਲੀ ਵਿੱਚ ਬਾਂਗਰੂ ਅਤੇ ਪੰਜਾਬੀ ਖ਼ਾਸ ਕਰਕੇ ਮਲਵਈ ਬੋਲੀ ਦਾ ਰਲ਼ਾ ਹੋਣ ਕਰ ਕੇ ਦੁਭਾਸ਼ਿਕ ਦੁਸੰਧੀ ਸ਼ਬਦ ਬਹੁਤ ਹਨ ਜਿਵੇਂ ਬਿਚਮਾਂ (ਵਿੱਚ +ਮੇਂ), ਹਮਾਨੂੰ। ਮ੍ਹਾਨੂੰ, ਥਾਨੂੰ। ਪੁਆਧੀ ਦੇ ਸੰਬੰਧਕ ਵੀ ਖ਼ਾਸ ਹਨ ਜਿਵੇਂ "ਨਾਲ਼ੇ ਕੇ ਗੈਲ-ਗੈਲ", "ਪਟਿਆਲੇ ਕੇ ਬਿਚਮਾਂ", "ਕਸਬੇ ਕੇ ਲਵੇ ਜਾਹਾਂ"। ਪੁਆਧੀ ਦੀਆਂ ਸਹਾਇਕ ਕਿਰਿਆਵਾਂ ਵੀ ਵਿਲੱਖਣ ਹਨ-ਜਿਵੇਂ ਤੀ, ਤੀਆਂ, ਤਾ, ਤੇ (ਥੀ, ਥੀਆਂ, ਥਾ, ਥੇ) ਪੁਆਧੀ ਦਾ ਨਮੂਨਾ ਪੇਸ਼ ਹੈ—

"ਰੈ ਬਲਦੇਬ, ਤੋਂ ਕਿੱਥੇ ਜਾਹਾਂ, ਰੈਂ ਅੱਜ ਮ੍ਹਾਰੀ ਮਰਬੇਬੰਦੀ
ਕੀ ਪੇਸ਼ੀ ਐ, ਕਿਉਂ ਥਾਰੇ ਪਰ ਕਿਸੈ ਨੈਂ ਦਾਬਾ ਕਰ ਦੇਆ"

### ਪੁਆਧੀ ਸ਼ਬਦਾਵਲੀ ਦਾ ਟਕਸਾਲੀ ਪੰਜਾਬੀ ਵਿੱਚ ਰੂਪ

**ਰੇਖਾ-ਚਿੱਤਰ**

| ਪੁਆਧੀ ਸ਼ਬਦਾਵਲੀ | ਟਕਸਾਲੀ ਰੂਪ |
|---|---|
| ਬਿੱਚਮਾਂ | ਵਿੱਚ |
| ਕਾਸ ਮਾਂ | ਕਿਸ ਵਿੱਚ |
| ਗੈਲ-ਗੈਲ | ਨਾਲ਼-ਨਾਲ਼ |
| ਮ੍ਹਾਨੂੰ | ਮੈਨੂੰ |
| ਥਾਨੂੰ | ਤੈਨੂੰ |

Downloaded from https:// www.studiestoday.com

Downloaded from https:// www.studiestoday.com



| ਪੁਆਧੀ ਸ਼ਬਦਾਵਲੀ | ਟਕਸਾਲੀ ਰੂਪ |
|---|---|
| ਥਮਾਨੂੰ | ਤੈਨੂੰ/ਤੁਹਾਨੂੰ |
| ਥਮੇਂ | ਤੁਸੀਂ |
| ਮ੍ਹਾਰੇ | ਮੇਰੇ/ਸਾਡੇ |
| ਥਾਰੇ | ਤੇਰੇ/ਤੁਹਾਡੇ |
| ਸਾਨੇ | ਅਸਾਂ ਨੇ |
| ਬੀਹ | ਵੀਹ |
| ਸਬਾਰ | ਅਸਵਾਰ |
| ਕੈਮਾਂ | ਕਿੰਨਵਾਂ |
| ਤੀਮੀਂ | ਤੀਵੀਂ |
| ਉੂਹਾਂ | ਉੱਥੇ |
| ਈਹਾਂ | ਏਥੇ |
| ਇਯੋ | ਇਹ |
| ਇਊਂ | ਇਵੇਂ |
| ਇਬ | ਹੁਣ |
| ਇਥਕੇ | ਐਤਕੀਂ |
| ਕਾ ਤੇ | ਕਿਉਂ |
| ਕਿੱਕਾ | ਕਿਸ ਦਾ |
| ਕਿਨੂੰ | ਕਿਸ ਨੂੰ |
| ਜਾਹਾ, ਖਾਹਾ | ਜਾਂਦਾ ਹੈ, ਖਾਂਦਾ ਹੈ |
| ਬਾਹੈ | ਵਾਹੇਗਾ |
| ਓੜੀ | ਤਰਫ਼ |
| ਮ੍ਹੈਂਸ | ਮੱਝ |
| ਓਗਲ | ਉਦੋਂ |
| ਕੋਗਲ | ਕਦੋਂ |
| ਛੋਕਰੀ | ਲੜਕੀ, ਕੁੜੀ |

Downloaded from https:// www.studiestoday.com

Downloaded from https:// www.studiestoday.com



| ਪੁਆਧੀ ਸ਼ਬਦਾਵਲੀ | ਟਕਸਾਲੀ ਰੂਪ |
|---|---|
| ਗੋਰੂ | ਡੰਗਰ, ਪਸ਼ੂ |
| ਬੂਜਾ | ਬੱਚਾ |
| ਗੈਂ | ਗਾਂ |
| ਬਾਂਸਣ | ਭਾਂਡੇ, ਬਰਤਨ |
| ਥੌੜ | ਥਾਂ |
| ਉਂਜਲ | ਓਕ, ਬੁੱਕ |
| ਘਰੜ | ਅਧਰਿੜਕਾ |
| ਭੱਤ | ਚੌਲ਼ |
| ਤੀ/ਥੀ | ਸੀ |
| ਤੀਆਂ/ਥੀਆਂ | ਸਨ |
| ਸਾਤੇ | ਸਾਥੋਂ |
| ਉੱਟਾ | ਕੰਧੋਲੀ |
| ਬਿਆਈ | ਸੂਈ ਮੱਝ |
| ਏਕਣ/ਇਕਣ | ਏਦਾਂ |
| ਜੀਕਣ/ਜਿਕਣ | ਜਿੱਦਾਂ |
| ਔੜ | ਸੋਕਾ |

ਹੇਠਾਂ ਦਿੱਤੇ ਪੈਰੇ ਵੱਖ-ਵੱਖ ਉਪਭਾਸ਼ਾਵਾਂ ਦੇ ਰੂਪ ਅਤੇ ਬਣਤਰ ਨੂੰ ਸਮਝਣ ਵਿੱਚ ਸਹਾਈ ਹੋਣਗੇ :—

## "ਪੋਠੋਹਾਰੀ"

ਹੁਧਰ ਰਾਣੀ ਇੱਛਰਾਂ ਦੇ ਵੀ ਕੰਨਾਂ ਵਿੱਚ ਭਿਣਕ ਪੈ ਗਈ। ਠੁੱਡੇ ਖਾਣੀ ਆ ਗਈ, ਹੈਹੋ ਜੇਹੀ ਕਰਨੀ ਆਲੇ ਸਾਧੇ ਕੋਲੋਂ ਮੈਂ ਵੀ ਲੈ ਆਵਾਂ ਅੱਖੀਆਂ ਨਾ ਦਾਰੂ। ਪੂਰਨ ਪੁੱਛਿਅਸ : ਹੇ ਮਾਂ ਤੁਹਾੜੇ ਨਾਲ਼ ਕੇ ਭਾਣਾ ਵਰਤਿਆ? ਇੱਛਰਾਂ ਨੇ ਸਾਰਾ ਕੁਝ ਦੱਸੀ ਛੋੜਿਆ। ਗੱਲਾਂ-ਗੱਲਾਂ 'ਚ ਵਾਜ ਪਛਾਣ ਜੈਸੂ ਆਖਿਆ ਸੂ : ਹੋਵੇ ਨਾ ਹੋਵੇ ਤੂੰ ਤਾਂ ਮਾੜ੍ਹਾ ਪੁੱਤਰ ਏਂ। ਗੁੱਟੀ ਕੇ ਜੱਫੀ ਪਾ ਜਾਇ ਸੂ। ਹੁਸੀਂ 'ਲੇ ਹੁਸਨੂੰ ਦਿਸਣ ਲੱਗ ਪਿਆ। ਰਾਜੇ-ਰਾਣੀਆਂ ਨੇ ਬਥੇਰਾ ਆਖਿਆ : ਤੂੰ ਫ਼ਕੀਰੀ ਛੋੜੀ ਦੇ। ਰਾਜ-ਭਾਗ ਸੰਭਾਲ ਪਰ ਪੂਰਨ ਕੁਸਨੀ ਮੰਨੇ। ਅਸਾਂ ਤਾਂ ਜੰਮਣੇ ਹੀ ਸਾਧ ਆਂ ਹਿਸੇ ਤੇਰਾਂ ਕਿਧਰੇ ਹੋਰ ਮਿਲ ਜਾਸਾਂ, ਹੁਣ ਚੱਲਣੇ ਆਂ।

Downloaded from https:// www.studiestoday.com

Downloaded from https:// www.studiestoday.com



## "ਮੁਲਤਾਨੀ"

ਸਾਵਣ ਦੇ ਮਹੀਨੇ ਵਿੱਚ ਸਾਡੇ ਲੋਕੀਂ ਆਲਿਆਂ ਦੇ ਵਾਰ ਪੂਰਬ ਸ਼ੁਰੂ ਥੀਂ ਵੈਂਦੇ ਹਨ। ਸਾਵਣ ਦੀ ਉਮਸਾ ਕੋਲੂੰ ਜੇੜਾ ਐਤਵਾਰ ਪਹਿਲੇ ਆਂਦੇ ਹੇ ਉਸੇ ਐਤਵਾਰ ਕੂੰ ਸਾਡੇ ਲੋਕ ਸਾਵੇ ਮਨੇਂਦੇ ਹਿਨ ਤੇ ਪੂਜਾ ਵੀ ਕਰੇਂਦੇ ਹਨ ਤੇ ਆਪਣੇ ਘਰ ਕੋਈ ਸੀਵਿਆਂ ਬਣੇਂਦੇ ਹਨ ਤੇ ਚਾਵਲ ਬਣੇਂਦੇ ਹਨ। ਡੂਜੇ ਡੀਂ ਸੂਮਵਾਰ ਕੂੰ ਭਿਰਾਵਾਂ ਦਾ ਵਰਤ ਹੁੰਦਾ ਹੈ। ਡਰਿਮਤੀ ਭਰਾਵਾਂ ਦਾ ਵਰਤ ਰਖੇਂਦੇ ਤੇ ਪਰੂਥੀ ਰੋਟੀ ਮਾਵਾਂ ਦੇ ਘਰ ਵੰਜ ਕੇ ਖਾਂਦੀਆਂ ਹਿਨ। ਉਦੇ ਬਾਦ ਵੀ ਸਾਵਣ ਵਿੱਚ ਬਊ ਵਰਤ ਆਂਦੇ ਹਨ।

## "ਮਾਝੀ"

ਓਧਰ ਰਾਣੀ ਇੱਛਰਾਂ ਦੇ ਵੀ ਕੰਨੀਂ ਭਿਣਕ ਪਈ। ਠੇਡੇ ਖਾਂਦੀ ਆ ਗਈ। ਇਥ੍ਹੋ ਜਿਥ੍ਹੇ ਕਰਨੀ ਆਲੇ ਸਾਧ ਤੋਂ ਮੈਂ ਵੀ ਲੈ ਆਵਾਂ ਅੱਖਾਂ ਦਾ ਦਾਰੂ। ਪੂਰਨ ਪੁੱਛਦਾ : ਮਾਤਾ ਦੱਸ ਤੇਰੇ ਨਾਲ਼ ਭਾਣਾ ਕੀ ਵਰਤਿਆ ? ਇੱਛਰਾਂ ਨੇ ਸਭ ਕੁਝ ਦੱਸ ਤਾ। ਗੱਲਾਂ-ਗੱਲਾਂ 'ਚ ਵਾਜ ਪਹਿਚਾਣ ਲਈ ਆਖਦੀ : ਹੋਵੇ ਨਾ ਤਾਂ ਤੂੰ ਮੇਰਾ ਪੂਰਨ ਏਂ। ਜੱਫੀ ਪਾ ਲਈ ਘੁੱਟ ਕੇ, ਨਾਲ਼ ਈ ਓਹਨੂੰ ਦਿਸਣ ਲੱਗ ਪਿਆ। ਰਾਜੇ-ਰਾਣੀਆਂ ਨੇ ਬਹੁਥੇਰਾ ਕਿਆ : ਤੂੰ ਫ਼ਕੀਰੀ ਛੱਡ ਰਾਜ-ਭਾਗ ਸੰਭਾਲ। ਪਰ ਪੂਰਨ ਕ੍ਹੀਦੀ ਮੰਨੇ : 'ਅਸੀਂ ਤਾਂ ਸਾਧ ਆਂ, ਐਂਵੇਂ ਈ ਕਿਤੇ ਹੋਰ ਮਿਲ ਜਾਂਗੇ ; ਹੁਣ ਚਲਦੇ ਆਂ।

## "ਮਲਵਈ"

ਓਧਰ ਰਾਣੀ ਇੱਛਰਾਂ ਦੇ ਵੀ ਕੰਨੀਂ ਭਿਣਕ ਪਈ। ਠੇਡੇ ਖਾਂਦੀ ਆ ਗਈ। ਇਹੋ ਜਿਹੇ ਕਰਨੀ ਵਾਲੇ ਸਾਧ ਤੋਂ ਮੈਂ ਵੀ ਲੈ ਆਵਾਂ ਅੱਖਾਂ ਦਾ ਦਾਰੂ। ਪੂਰਨ ਪੁੱਛਦਾ : ਮਾਤਾ ਦੱਸ ਤੇਰੇ ਨਾਲ਼ ਭਾਣਾ ਕੀ ਵਰਤਿਆ। ਇੱਛਰਾਂ ਨੇ ਸਭ ਕੁਝ ਦੱਸ ਦਿੱਤਾ। ਗੱਲਾਂ-ਗੱਲਾਂ 'ਚ' ਵਾਜ ਪਛਾਣ ਲਈ। ਆਖਦੀ : ਹੋਵੇ ਨਾ ਤਾਂ ਤੂੰ ਮੇਰਾ ਪੂਰਨ ਏਂ। ਜੱਫੀ ਪਾ ਲਈ ਘੁੱਟ ਕੇ, ਨਾਲ਼ ਈ ਉਹਨੂੰ ਦਿਸਣ ਲੱਗ ਪਿਆ। ਰਾਜੇ-ਰਾਣੀਆਂ ਨੇ ਬਥੇਰਾ ਕਿਹਾ : ਤੂੰ ਫ਼ਕੀਰੀ ਛੱਡ, ਰਾਜ-ਭਾਗ ਸੰਭਾਲ। ਪਰ ਪੂਰਨ ਕੀਹਦੀ ਮੰਨੇ, ਅਸੀਂ ਤਾਂ ਜਨਮ ਦੇ ਸਾਧ ਆਂ ਏਵੇਂ ਈ ਕਿਤੇ ਹੋਰ ਮਿਲ ਜਾਂਗੇ। ਹੁਣ ਚਲਦੇ ਆਂ।

## "ਦੁਆਬੀ"

ਓਧਰ ਰਾਣੀ ਇੱਛਰਾਂ ਦੇ ਵੀ ਕੰਨੀਂ ਭਿਣਕ ਪਈ। ਠੇਡੇ ਖਾਂਦੀ ਆ ਗਈ। ਇਥ੍ਹੋ-ਜਿਥ੍ਹੇ ਕਰਨੀ ਵਾਲ਼ੇ ਸਾਧ ਤੋਂ ਮੈਂ ਬੀ ਲੈ ਆਮਾਂ ਅੱਖਾਂ ਦਾ ਦਾਰੂ ਪੂਰਨ ਪੁੱਛਦਾ : ਮਾਤਾ ਦੱਸ ਤੇਰੇ ਨਾਲ਼ ਕੀ ਭਾਣਾ ਵਰਤਿਆ ? ਇੱਛਰਾਂ ਨੇ ਸਭ ਕੁਸ਼ ਦੱਸ ਦਿੱਤਾ।

Downloaded from https:// www.studiestoday.com

Downloaded from https:// www.studiestoday.com



ਗੱਲਾਂ-ਗੱਲਾਂ 'ਚ ਵਾਜ ਪਹਿਚਾਣ ਲਈ। ਕਹਿੰਦੀ ਹੋਬੇ ਨਾ ਤਾਂ ਤੂੰ ਮੇਰਾ ਪੁੱਤ ਪੂਰਨ ਏਂ। ਜੱਫੀ ਪਾ ਲਈ ਘੁੱਟ ਕੇ। ਨਾਲ਼ ਈ ਓਹਨੂੰ ਦਿਸਣ ਲੱਗ ਪਿਆ ਰਾਜੇ-ਰਾਣੀਆਂ ਬਥੇਰਾ ਕਿਆ : ਤੂੰ ਫ਼ਕੀਰੀ ਛੱਡ। ਰਾਜ-ਭਾਗ ਸੰਭਾਲ਼ ਪਰ ਪੂਰਨ ਕੇਹਦੀ ਮੰਨੇ। ਅਸੀਂ ਤਾਂ ਜਨਮ ਦੇ ਸਾਧ ਆਂ : ਏਦਾਂ ਈ ਕਿਤੇ ਹੋਰ ਮਿਲ਼ ਜਾਮਾਂਗੇ : ਹੁਣ ਚਲਦੇ ਆਂ।

### "ਪੁਆਧੀ"

ਓਧਰ ਰਾਣੀ ਇੱਛਰਾ ਕੇ ਕੰਨ ਮਾਂ ਬਾਤ ਪਈ। ਠੋਕਰਾਂ ਖਾਂਦੀ ਆ ਗੀ। ਅਹੀ ਜੀ ਕਰਾਮਾਤ ਆਲੇ ਸਾਧ ਤੇ ਮੈਂ ਬੀ ਲਿਆਮਾਂ ਅਖਾਂ ਕੀ ਦਵਾ। ਪੂਰਨ ਪੁੱਛਾ, ਮਾਈ ਬਤਾ ਤੇਰੇ ਗੈਲ ਕੀ ਭਾਣਾ ਬੀਤਾ। ਇੱਛਰਾਂ ਨੇ ਸਾਰਾ ਕੁਸ਼ ਬਤਾ ਦਿਆ। ਬਾਤਾਂ-ਬਾਤਾਂ ਮਾ ਬੋਲ ਪਛਾਣ ਲੀਆ। ਕਹਾ ਹੋਆ ਚਾਹੇ ਨਾ, ਤੂੰ ਮੇਰਾ ਪੂਰਨ ਐਂ। ਜੱਫੀ ਪਾ ਲੀ ਘੁੱਟ ਕੈ। ਗੈਲੋਂ ਉਨੂੰ ਦਿਖਣ ਲੱਗ ਗਿਆ। ਰਾਜੇ ਰਾਣੀਆਂ ਨੇ ਬਹੁਤ ਕਿਆ ਤੂੰ ਫ਼ਕੀਰੀ ਛੋੜ ਰਾਜ-ਗੱਦੀ ਸਾਂਭ। ਪਰ ਪੂਰਨ ਕਿਸਕੀ ਮੰਨੈ। ਹਮੀਂ ਤੋਂ ਜੰਮਣਿਉ ਸਾਧ ਐਂ ਇਸੀ ਤਰ੍ਹਾਂ ਕਿਤੇ ਹੋਰ ਮਿਲ ਜਾਏਂਗੇ : ਇਬ ਚਲਾਂ।

### ਔਖੇ ਸ਼ਬਦਾਂ ਦੇ ਅਰਥ :

ਉਪ-ਭਾਸ਼ਾ—ਇਲਾਕੇ ਦੀ ਬੋਲਚਾਲ ਦੀ ਬੋਲੀ। ਨਿਰੂਪਣ—ਕਥਨ ਕਰਨਾ, ਬਿਆਨ ਕਰਨਾ। ਅਹਿਮ—ਮਹੱਤਵਪੂਰਨ। ਅੰਤਰਲੀਨ—ਅਭੇਦ ਹੋਣਾ, ਸਮਾ ਜਾਣਾ। ਰੂਪਾਂਤਰ—ਦੂਜਾ ਰੂਪ। ਉਲਥਾ—ਅਨੁਵਾਦ। ਠੇਠ—ਨਿਰਾ ਨਿਰੋਲ, ਖਾਲਿਸ।

### ਅਭਿਆਸ

1. ਉਪਭਾਸ਼ਾ ਕੀ ਹੁੰਦੀ ਹੈ? ਪੰਜਾਬੀ ਦੀਆਂ ਮੁੱਖ ਉਪਭਾਸ਼ਾਵਾਂ ਕਿਹੜੀਆਂ ਹਨ?
2. ਉਪਭਾਸ਼ਾਵਾਂ ਦੀਆਂ ਵਿਸ਼ੇਸ਼ਤਾਵਾਂ ਲਿਖਦੇ ਹੋਏ, ਪੰਜਾਬੀ ਉਪਭਾਸ਼ਾ ਦੇ ਵਿਕਾਸ ਬਾਰੇ ਲਿਖੋ।
3. ਪੰਜਾਬੀ ਦੀਆਂ ਉਪਭਾਸ਼ਾਵਾਂ ਬਾਰੇ ਜਾਣਕਾਰੀ ਦਿੰਦੇ ਹੋਏ ਇਹ ਦੱਸੋ ਕਿ ਉਹ ਕਿਹੜੇ-ਕਿਹੜੇ ਇਲਾਕਿਆਂ ਵਿੱਚ ਬੋਲੀਆਂ ਜਾਂਦੀਆਂ ਹਨ?
4. ਟਕਸਾਲੀ ਪੰਜਾਬੀ ਤੋਂ ਕੀ ਭਾਵ ਹੈ? ਸੰਖੇਪ ਨੋਟ ਲਿਖੋ।
5. ਹੇਠ ਲਿਖੇ ਸ਼ਬਦਾਂ ਦਾ ਟਕਸਾਲੀ ਰੂਪ ਲਿਖੋ :
   (ੳ) ਪੋਠੋਹਾਰੀ : ਸਰਘੀ ਵੇਲ਼ੇ, ਹਿੱਕ, ਬਹੂੰ, ਚੋਲ, ਗੱਛਸੀ, ਕੀਤੋਈ, ਤੁਸਾੜ੍ਹਾ, ਮਿੱਘੀ, ਤੈਂਡਾ, ਤੇਂਤਰੀ।

Downloaded from https:// www.studiestoday.com

Downloaded from https:// www.studiestoday.com



(ਅ) ਮੁਲਤਾਨੀ : ਕਾਵਰ, ਘਿੰਨਣੀ, ਅਲੇਦਾ, ਜ਼ਾਲ, ਦੀਗਰ, ਕੁਆਰ, ਹਕੱਲ, ਹੁਨਾਲ਼ੇ, ਡਾਖਣੀ, ਬੰਨਾ

(ੲ) ਮਾਝੀ : ਗਾੜੀ, ਭਾਊ, ਬੁੱਢੀ, ਝਾਈ, ਸਲੂਣਾ, ਬਊਤਾ, ਆਪੂੰ, ਪੈਹਾ, ਗੁੱਧਾ, ਖੜਨਾ।

(ਸ) ਮਲਵਈ : ਸਾਝਰੇ, ਛਈ ਦੇਣੇ, ਜਰਾਂਦ, ਘਚਾਨੀ, ਜਮਾਂ ਈ, ਥੋਡਾ, ਜੰਨ, ਬਾਈ, ਜਭਲੀ ਭੂਢ।

(ਹ) ਦੁਆਬੀ : ਘੇ, ਪੱਛੋਂ, ਜਿੱਦਣ, ਲੱਝਣਾ, ਸੀਗਾ, ਜੰਮਣ, ਭਾਬੀ, ਪੱਛੀ, ਇਮੇਂ ਧੰਮੋੜੀ।

(ਕ) ਪੁਆਧੀ : ਬਿੱਚ ਮਾਂ, ਥਮੇਂ, ਇਬ, ਸਾਤੇ, ਸਾਨੇ, ਕਿੱਕਾ, ਬੂਜਾ, ਔੜ, ਗੈਂ, ਛੋਕਰੀ।

6. ਹੇਠ ਲਿਖੇ ਸ਼ਬਦਾਂ ਦਾ ਉਪਭਾਸ਼ਾਈ ਰੂਪ ਲਿਖੋ :

(ੳ) ਪੋਠੋਹਾਰੀ : ਇਸ, ਇਥੇ, ਉਸ, ਪਿੰਡ, ਬੱਚਾ, ਕੌਲੀ, ਆਵਾਂਗਾ, ਸਾਡਾ, ਮੇਰਾ, ਮੱਝ ਨੂੰ ਗੁਤਾਵਾ।

(ਅ) ਮੁਲਤਾਨੀ : ਦੇਵੇਗਾ, ਦੱਸਣਾ, ਬੁਰੇ, ਹੋਵੇਗੀ, ਦਿਹਾੜਾ, ਕਿੱਥੇ, ਕਮੀ, ਗੁਆਵੇ, ਸੇਰ ਦਾ ਚੌਥਾ ਹਿੱਸਾ, ਬੁਲਾਵੇ।

(ੲ) ਮਾਝੀ : ਵੇਖਿਆ, ਰਿੰਨ੍ਹਿਆ, ਆਖਦਾ, ਨਿਓਂਦਰਾ, ਕੱਲ੍ਹ, ਉਸ ਨੇ, ਗਿਆਰਾਂ, ਆਰਾਮ, ਵਾੜਾ (ਪਸ਼ੂਆਂ ਦਾ), ਲਾਗੇ।

(ਸ) ਮਲਵਈ : ਸਵੇਰੇ, ਸ਼ਰਾਰਤ, ਚੁਗ਼ਲੀ, ਝਟਕਾ, ਮੱਝ, ਪੰਝੀ, ਤੁਹਾਡਾ, ਛੇ, ਪੁਰਾਣਾ, ਸੁਸਤੀ।

(ਹ) ਦੁਆਬੀ : ਲਵੇਂਗਾ, ਮਝਲਾ, ਉਧਾਰ, ਭਿਓਂ ਕੇ, ਉਸ ਦਿਨ, ਭੋਰਾ-ਭਰ, ਪਿਓ, ਜਿਵੇਂ, ਦਰਮਿਆਨ, ਤੁਹਾਡਾ।

(ਕ) ਪੁਆਧੀ : ਕਿਸ ਵਿੱਚ, ਤੁਸੀਂ, ਨਾਲ਼-ਨਾਲ਼, ਵੀਹ, ਐਤਕੀਂ, ਕਦੋਂ, ਕਿੰਨਵਾਂ, ਮੈਨੂੰ, ਤੁਹਾਡੇ, ਅਧਰਿੜਕਾ।

Downloaded from https:// www.studiestoday.com

Downloaded from https:// www.studiestoday.com

ਅਧਿਆਇ 3

# ਗੁਰਮੁਖੀ ਲਿਪੀ

ਜਿਸ ਲਿਪੀ ਦੇ ਅੱਖਰਾਂ ਵਿੱਚ ਅਸੀਂ ਪੰਜਾਬੀ ਲਿਖਦੇ ਹਾਂ, ਉਸ ਨੂੰ "ਗੁਰਮੁਖੀ ਲਿਪੀ" ਕਿਹਾ ਜਾਂਦਾ ਹੈ। ਗੁਰਮੁਖੀ ਇੱਕ ਭਾਰਤੀ ਲਿਪੀ ਹੈ ਜੋ ਭਾਰਤ ਦੇਸ ਦੀਆਂ ਹੋਰਨਾਂ ਲਿਪੀਆਂ ਵਾਂਗ ਵਿਕਾਸ ਦੇ ਪੜਾਅ ਪਾਰ ਕਰਦੀ ਹੋਈ ਅੱਜ ਵਾਲ਼ੇ ਰੂਪ ਤੇ ਪਹੁੰਚੀ ਹੈ। ਗੁਰਮੁਖੀ ਦਾ ਜੋ ਰੂਪ ਹੁਣ ਹੈ ਉਹ ਇਸ ਦੇ ਵੱਖ-ਵੱਖ ਪੜਾਵਾਂ ਵਿੱਚੋਂ ਲੰਘ ਕੇ, ਉੱਭਰਿਆ ਹੈ। ਪੰਜਾਬੀ ਨੂੰ ਲਿਖਣ ਵਾਸਤੇ ਗੁਰਮੁਖੀ ਹੀ ਢੁਕਵੀਂ ਤੇ ਸ੍ਰੇਸ਼ਟ ਲਿਪੀ ਹੈ। ਇਸ ਲਈ 1966 ਈ. ਵਿੱਚ ਪੰਜਾਬ ਸਰਕਾਰ ਨੇ ਜਦੋਂ ਪੰਜਾਬੀ ਭਾਸ਼ਾ ਨੂੰ ਰਾਜ-ਭਾਸ਼ਾ ਬਣਾਇਆ ਤਾਂ ਪੰਜਾਬੀ ਨੂੰ ਲਿਖਣ ਲਈ ਗੁਰਮੁਖੀ ਲਿਪੀ ਹੀ ਸਵੀਕਾਰ ਕੀਤੀ ਸੀ। ਹੁਣ ਗੁਰਮੁਖੀ ਵਿੱਚ ਲਿਖੀ ਹੋਈ ਪੰਜਾਬੀ ਹੀ ਕਨੂੰਨੀ ਤੌਰ 'ਤੇ ਪ੍ਰਵਾਨ ਹੁੰਦੀ ਹੈ। ਇਸ ਤੋਂ ਜ਼ਾਹਰ ਹੈ ਕਿ ਗੁਰਮੁਖੀ ਲਿਪੀ ਦਾ ਪੰਜਾਬੀ ਭਾਸ਼ਾ ਨਾਲ਼ ਚਿਰੋਕਣਾ ਤੇ ਅਟੁੱਟ ਰਿਸ਼ਤਾ ਹੈ। ਇਸ ਲਈ ਗੁਰਮੁਖੀ ਬਾਰੇ ਵੱਧ ਤੋਂ ਵੱਧ ਹੋਰ ਜਾਣਨ ਦੀ ਲੋੜ ਹੈ।

### ਲਿਪੀ ਕੀ ਹੈ ?

ਲਿਪੀ ਕੀ ਹੈ ? ਲਿਪੀ, ਭਾਸ਼ਾ ਨੂੰ ਲਕੀਰਾਂ ਵਿੱਚ ਚਿਤਰਿਤ ਕਰਨ ਦੀ ਕਲਾ ਹੈ "ਜਾਂ ਲਿਖਣ ਦਾ ਇੱਕ ਵਿਓਂਤਬੱਧ ਤਰੀਕਾ।" ਜੇ ਜ਼ਰਾ ਹੋਰ ਡੂੰਘਾਈ ਨਾਲ਼ ਵੇਖੀਏ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਲਿਪੀ ਉਚਰਿਤ ਧੁਨੀਆਂ ਨੂੰ ਅੰਕਿਤ ਕਰਨ ਲਈ ਚਿੰਨ੍ਹਾਂ ਤੇ ਨਿਸ਼ਾਨਾਂ ਦੇ ਲਕੀਰਨ ਦਾ ਇੱਕ ਢੰਗ ਹੈ ਜਾਂ ਲਿਪੀ ਮਨੁੱਖੀ ਸੰਘ ਵਿੱਚੋਂ ਨਿਕਲ਼ੇ ਬੋਲਾਂ ਨੂੰ ਚਿੱਤਰਾਂ, ਲਕੀਰਾਂ, ਸੰਕੇਤਾਂ ਜਾਂ ਚਿੰਨ੍ਹਾਂ ਵਿੱਚ ਉਲੀਕਣ ਦੀ ਇੱਕ ਵਿਧੀ ਹੈ।

ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ਲਿਪੀ ਜਾਂ ਲਿਖਣ-ਕਲਾ ਬੋਲੀ ਦੀ ਸੰਕੇਤਿਕ ਪ੍ਰਤਿਨਿਧ ਹੁੰਦੀ ਹੈ ਜਿਹੜੀ ਕਿ ਆਉਣ ਵਾਲ਼ੀਆਂ ਪੀੜ੍ਹੀਆਂ ਲਈ ਸੰਭਾਲ਼ੀ ਜਾ ਸਕਦੀ ਹੈ। ਇਸ ਤਰ੍ਹਾਂ ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਲਿਪੀ ਅਜਿਹੇ ਸੰਕੇਤਾਂ ਤੇ ਚਿੰਨ੍ਹਾਂ ਦੀ ਵਿਓਂਤਬੰਦੀ ਹੈ, ਜਿਨ੍ਹਾਂ ਨਾਲ਼ ਸੁਣਨ-ਯੋਗ ਬੋਲੀ ਨੂੰ ਵੇਖਣ-ਯੋਗ ਬਣਾਇਆ ਜਾ ਸਕਦਾ ਹੈ ਭਾਵ ਲਿਖਿਆ ਜਾਂਦਾ ਹੈ, ਇਸ ਲਿਖੇ ਨੂੰ ਪੜ੍ਹ ਕੇ ਮੁੜ ਉਚਾਰਿਆ ਜਾ ਸਕਦਾ ਹੈ।

ਜਿੱਥੇ ਬੋਲੀ ਭਾਵਾਂ ਦੀ ਪੁਸ਼ਾਕ ਹੈ ਉੱਥੇ ਲਿਪੀ ਬੋਲੀ ਦੀ ਪੁਸ਼ਾਕ ਹੈ। ਬੋਲੀ ਦਾ ਜਨਮ ਮਨ ਦੇ ਭਾਵਾਂ ਨੂੰ ਕੰਠ 'ਚੋਂ ਨਿਕਲ਼ੀਆਂ ਧੁਨੀਆਂ ਦੁਆਰਾ ਬਾਹਰ ਪ੍ਰਗਟ ਕਰਨ ਵਾਸਤੇ ਹੋਇਆ ਹੈ ਪਰ ਲਿਪੀ ਦਾ ਜਨਮ ਧੁਨੀਆ ਨੂੰ ਚਿੱਤਰਾਂ ਜਾਂ ਚਿੰਨ੍ਹਾਂ ਨਾਲ਼ ਪ੍ਰਗਟ ਕਰਨ ਵਾਸਤੇ ਹੋਇਆ ਹੈ। ਲਿਪੀ ਦੀ ਕਲਾ ਮਨੁੱਖ ਦੀ ਸਭ ਤੋਂ ਵੱਡੀ ਕਾਢ ਹੈ। ਜੇ ਲਿਪੀ ਨਾ ਹੁੰਦੀ ਤਾਂ ਮੂੰਹ ਵਿੱਚੋਂ ਨਿਕਲ਼ੇ ਬੋਲ



Downloaded from https:// www.studiestoday.com

Downloaded from https:// www.studiestoday.com



ਝਟ-ਪਟ ਹੀ ਉੱਡ-ਪੁੱਡ ਜਾਂਦੇ ਤੇ ਪੀੜੀਆਂ ਦਾ ਗਿਆਨ ਸਾਡੇ ਤੱਕ ਨਾ ਪਹੁੰਚਦਾ। ਸੱਚ-ਮੁੱਚ ਲਿਪੀ ਬਿਨਾਂ ਬੋਲੀ ਵੀ ਪਿੰਗਲੀ ਹੈ।

ਇੱਕ ਗੱਲ ਹੋਰ ਵੀ ਹੈ ਜਿਵੇਂ ਮੂੰਹ-ਜ਼ਬਾਨੀ ਉਚਾਰੀਆਂ ਧੁਨੀਆਂ ਅਤੇ ਉਹਨਾਂ ਦੇ ਅਰਥਾਂ ਦੇ ਦਰਮਿਆਨ ਜੋ ਰਿਸ਼ਤਾ ਹੁੰਦਾ ਹੈ, ਉਹ ਆਪਹੁਦਰਾ ਪਰ ਸਮਾਜਕ ਤੌਰ ਤੇ ਪ੍ਰਵਾਨ ਹੁੰਦਾ ਹੈ। ਇਸੇ ਤਰ੍ਹਾਂ ਭਾਸ਼ਾ-ਧੁਨੀਆਂ ਅਤੇ ਲਿਪੀ-ਚਿੰਨ੍ਹਾਂ ਦਾ ਆਪੋ ਵਿਚਲਾ ਰਿਸ਼ਤਾ ਵੀ ਆਪਹੁਦਰਾ ਪਰ ਪਰੰਪਰਿਕ ਤੌਰ 'ਤੇ ਪ੍ਰਵਾਨ ਹੁੰਦਾ ਹੈ।

## ਲਿਪੀ ਦਾ ਮਹੱਤਵ

ਮਨੁੱਖੀ ਸੱਭਿਅਤਾ ਦੇ ਵਿਕਾਸ ਵਿੱਚ ਬੋਲੀ ਨੇ ਜਿੰਨਾ ਹਿੱਸਾ ਪਾਇਆ ਹੈ ਉਸ ਤੋਂ ਕਿਤੇ ਵੱਧ ਹਿੱਸਾ ਲਿਪੀ ਨੇ ਪਾਇਆ ਹੈ। ਬੋਲੀ ਤਾਂ ਬੋਲਣਸਾਰ ਅਲੋਪ ਹੋ ਜਾਂਦੀ ਹੈ ਕਿਉਂਕਿ ਬੋਲੀ ਤਾਂ ਸਮੇਂ ਤੇ ਸਥਾਨ ਦੀ ਕੈਦਣ ਹੈ ਪਰ ਲਿਪੀ ਸਮੇਂ ਤੇ ਸਥਾਨ ਤੋਂ ਅਜ਼ਾਦ ਹੈ। ਦੂਰ-ਦੂਰ ਥਾਂਵਾਂ ਅਤੇ ਦੂਰ-ਦੂਰ ਸਮਿਆਂ ਦੇ ਬੋਲੇ ਹੋਏ ਬੋਲ, ਲਿਪੀ ਰਾਹੀਂ ਸਮੇਂ ਤੇ ਸਥਾਨ ਦੀ ਸੀਮਾ ਨੂੰ ਪਾਰ ਕਰਕੇ ਅੱਜ ਵੀ ਸਾਡੇ ਕੋਲ਼ ਸੁਰੱਖਿਅਤ ਹਨ। ਸੰਸਾਰ ਦੀਆਂ ਬਹੁਤ ਸਾਰੀਆਂ ਨਸ਼ਟ ਹੋਈਆਂ ਸੱਭਿਆਤਾਵਾਂ ਬਾਰੇ ਅਸੀਂ ਇਸ ਲਈ ਬਹੁਤ ਕੁਝ ਜਾਣਦੇ ਹਾਂ ਕਿਉਂਕਿ ਉਹ ਆਪਣੇ ਬਾਰੇ ਆਪਣੇ ਪਿੱਛੇ ਬਹੁਤ ਕੁਝ ਲਿਖਿਆ ਹੋਇਆ ਛੱਡ ਗਏ ਹਨ। ਇਹਨਾਂ ਅਰਥਾਂ ਵਿੱਚ ਲਿਖਣ ਦੀ ਜੋ ਕਲਾ ਲਿਪੀ ਹੈ, ਉਸ ਨੇ ਮਨੁੱਖੀ ਸੱਭਿਅਤਾ ਨੂੰ ਬਹੁਤ ਵੱਡਾ ਯੋਗਦਾਨ ਦਿੱਤਾ ਹੈ।

## ਪ੍ਰਾਚੀਨ ਲਿਪੀਆਂ

ਲਿਪੀ ਦੀ ਕਾਢ ਤੋਂ ਪਹਿਲਾਂ ਪ੍ਰਾਚੀਨ ਮਨੁੱਖ ਆਪਣੇ ਦੂਰ ਬੈਠੇ ਸਾਕ-ਸੰਬੰਧੀਆਂ ਨੂੰ ਸੁਨੇਹੇ ਘੱਲਣ ਲਈ ਕਈ ਤਰ੍ਹਾਂ ਦੇ ਤਰਲੇ ਲੈਂਦਾ ਸੀ ਅਤੇ ਆਪਣੀ ਸੂਝ ਮੁਤਾਬਕ ਕਈ ਤਰ੍ਹਾਂ ਦੇ ਉਪਰਾਲੇ ਕਰਦਾ ਸੀ। ਘੋਰ ਪ੍ਰਾਚੀਨ ਮਨੁੱਖ ਨੇ ਪਹਿਲਾਂ ਆਪਣੇ ਦਿਲੀ ਭਾਵਾਂ ਨੂੰ ਦੂਰ ਭੇਜਣ ਲਈ ਆਪਣੇ ਚੁਤਰਫ਼ੇ ਖਿੱਲਰੀਆਂ ਚੀਜ਼ਾਂ ਨੂੰ ਵਰਤਣ ਦੀ ਜਾਂਚ ਸਿੱਖੀ। ਉਹ ਸੂਤਰਾਂ, ਧਾਗਿਆਂ ਨੂੰ ਭਾਂਤ-ਭਾਂਤ ਦੇ ਰੰਗਾਂ ਨਾਲ਼ ਰੰਗ ਕੇ ਜਾਂ ਫਿਰ ਘੋਗੇ, ਮੂੰਗੇ ਜਾਂ ਮਣਕੇ ਬੰਨ੍ਹ ਕੇ ਉਹਨਾਂ ਤੋਂ ਸੁਨੇਹੇ ਭੇਜਣ ਦਾ ਕੰਮ ਲੈਂਦਾ ਸੀ। ਇਹ ਇੱਕ ਤਰ੍ਹਾਂ ਦੀ ਲਿਪੀ ਹੀ ਸੀ ਜਿਸ ਨੂੰ "ਸੂਤਰ-ਲਿਪੀ" ਕਿਹਾ ਜਾਂਦਾ ਹੈ। ਇਸ ਤੋਂ ਬਿਨਾਂ ਉਦੋਂ ਰੱਸੀਆਂ, ਧਾਗਿਆਂ, ਬਿਰਖਾਂ ਦੀਆਂ ਛਿੱਲਾਂ ਨੂੰ ਗੰਢਾ ਦੇ ਕੇ ਸੁਨੇਹੇ ਭੇਜਣ ਦਾ ਰਿਵਾਜ ਵੀ ਆਮ ਸੀ। ਇਸ ਨੂੰ "ਗੰਢ ਲਿਪੀ" ਕਿਹਾ ਗਿਆ ਹੈ। ਅੱਜ ਵੀ ਅਸੀਂ ਵਿਆਹ-ਸ਼ਾਦੀਆਂ ਦੇ ਸਮੇਂ ਰਿਸ਼ਤੇਦਾਰਾਂ ਨੂੰ ਗੰਢਾਂ ਹੀ ਭੇਜਦੇ ਹਾਂ ਅਤੇ ਵਰ੍ਹੇ-ਗੰਢ ਵੀ ਮਨਾਉਂਦੇ ਹਾਂ।

ਪਰ ਇਹਨਾਂ ਨੂੰ ਲਿਪੀ ਨਹੀਂ ਕਿਹਾ ਜਾ ਸਕਦਾ, ਇਹ ਤਾਂ ਪੁਰਾਤਨ ਮਨੁੱਖ ਦੇ ਤਰਲੇ ਸਨ। ਸੱਚ ਤਾਂ ਇਹ ਹੈ ਕਿ ਆਦਿਮ ਮਨੁੱਖ ਨੇ ਦੂਰ-ਸੰਚਾਰ ਲਈ

Downloaded from https:// www.studiestoday.com

Downloaded from https:// www.studiestoday.com



ਰੱਸੀਆਂ ਧਾਗਿਆਂ, ਗੰਢਾਂ ਆਦਿ ਜੁਗਤਾਂ ਖੋਜ ਕੱਢੀਆਂ ਸਨ ਪਰ ਲਿਪੀ ਤੇ ਲਿਖਣ-ਕਲਾ ਨਾਲ਼ ਇਹਨਾਂ ਦਾ ਰਿਸ਼ਤਾ ਨਹੀਂ ਦਿੱਸਦਾ।

## ਲਿਪੀ ਦਾ ਇਤਿਹਾਸ

ਲਿਪੀ ਦਾ ਸਹੀ ਅਰਥਾਂ ਵਿੱਚ ਮੁਢਲਾ ਰੂਪ ਚਿੱਤਰਾਂ ਤੇ ਤਸਵੀਰਾਂ ਤੋਂ ਸ਼ੁਰੂ ਹੁੰਦਾ ਹੈ। ਇਹ ਉਹ ਸਮਾਂ ਸੀ ਜਦੋਂ ਮਨੁੱਖ ਕਿਸੇ ਸ਼ੈ ਦੀ ਸ਼ਕਲ ਚਿੱਤਰਾਂ ਵਿੱਚ ਬਣਾ ਕੇ ਉਸ ਸ਼ੈ ਦਾ ਗਿਆਨ ਕਰਵਾਉਂਦਾ ਸੀ ਅਤੇ ਤਸਵੀਰਾਂ ਵਿੱਚ ਹੀ ਬੋਲੀ ਨੂੰ ਲਿਖਦਾ ਸੀ। ਸੱਭਿਅਤਾ ਦੇ ਵਿਕਾਸ ਤੋਂ ਪਹਿਲਾਂ ਆਦਮ ਮਨੁੱਖ ਪਹਾੜਾਂ ਦੀਆਂ ਕੰਦਰਾਂ ਅਤੇ ਗੁਫਾਵਾਂ ਵਿੱਚ ਰਹਿੰਦਾ ਸੀ। ਗੁਫਾਵਾਂ ਦੀਆਂ ਕੰਧਾਂ ਉੱਤੇ ਉਸ ਨੇ ਦੇਵੀ-ਦੇਵਤਿਆਂ ਦੇ ਚਿੱਤਰ ਬਣਾਏ ਹੋਣਗੇ ਅਤੇ ਏਧਰ-ਉਧਰ ਸੋਹਣੇ ਪਸ਼ੂ-ਪੰਛੀਆਂ ਦੀਆਂ ਤਸਵੀਰਾਂ ਵੀ ਬਣਾਈਆਂ ਹੋਣਗੀਆਂ।

ਅੱਜ ਤੋਂ ਕੋਈ ਬਾਰਾਂ ਹਜ਼ਾਰ ਸਾਲ ਪਹਿਲਾਂ ਜਾਂ ਸ਼ਾਇਦ ਇਸ ਤੋਂ ਵੀ ਢੇਰ ਚਿਰ ਪਹਿਲਾਂ ਦੇ ਗੁਫਾ-ਚਿੱਤਰ ਯੂਰਪ ਤੇ ਅਫ਼ਰੀਕਾ ਵਿੱਚ ਮਿਲਦੇ ਹਨ। ਅਮਰੀਕਾ ਦੇ ਮੂਲਨਿਵਾਸੀ (ਰੈੱਡ ਇੰਡੀਅਨ) ਵੀ ਪੁਰਾਣੇ ਜ਼ਮਾਨੇ ਵਿੱਚ ਭਾਂਤ-ਭਾਂਤ ਦੀਆਂ ਤਸਵੀਰਾਂ ਪੱਥਰਾਂ ਉੱਤੇ ਉੱਕਰਿਆ ਕਰਦੇ ਸੀ। ਇਹ ਨਿਸ਼ਚੇ ਨਾਲ਼ ਕਹਿਣਾ ਔਖਾ ਹੈ ਕਿ ਇਹਨਾਂ ਤਸਵੀਰਾਂ ਦਾ ਮੰਤਵ ਕੀ ਸੀ? ਸ਼ਾਇਦ ਕੋਈ ਸੁਹਜ-ਭਾਵਨਾ ਹੋਵੇ ਜਾਂ ਧਾਰਮਿਕ ਕਿਰਿਆ ਹੋਵੇ ਜਾਂ ਕੋਈ ਜਾਦੂ-ਟੂਣੇ ਨੂੰ ਮੰਨਣਾ ਹੋਵੇ ਪਰ ਇੱਕ ਨਿਸ਼ਚੇ ਵਾਲ਼ੀ ਗੱਲ ਹੈ ਕਿ ਇਹ ਗੁਫਾ ਚਿੱਤਰ ਤੇ ਸੁਹਜ-ਤਸਵੀਰਾਂ ਸੰਚਾਰ ਤੇ ਸਮਾਚਾਰ ਦੇ ਅਤਿ ਪ੍ਰਾਚੀਨ ਨਮੂਨੇ ਹਨ। ਬਹੁਤ ਪੁਰਾਣੇ ਪੱਥਰ-ਯੁੱਗ ਵਿੱਚ ਪ੍ਰਾਪਤ ਇਹ ਆਦਿਮ ਚਿੱਤਰ ਲਿਪੀ ਤੇ ਲਿਖਣ-ਕਲਾ ਦੇ ਮੋਹਰੀ ਹਨ। ਵਿਦਵਾਨਾਂ ਨੇ ਇਹਨਾਂ ਚਿੱਤਰਾਂ ਨੂੰ ਚਿੱਤਰ ਲਿਪੀ ਦੇ ਨਮੂਨੇ ਕਿਹਾ ਹੈ।

ਚਿੱਤਰ-ਲਿਪੀ ਲਿਖਣ-ਕਲਾ ਦਾ ਪਹਿਲਾ ਪੜਾਅ ਹੈ। ਚਿੱਤਰ-ਲਿਪੀ ਦੇ ਚਿੰਨ੍ਹਾਂ ਨੂੰ ਚਿੱਤਰ-ਮੂਲਕ ਚਿੰਨ (ਪਿਕਟੋਗ੍ਰਾਮ) ਕਿਹਾ ਜਾਂਦਾ ਹੈ। ਚਿੱਤਰ-ਲਿਪੀ ਤੋਂ ਸੰਬੰਧਤ ਵਸਤੂਆਂ ਦਾ ਪਤਾ ਜ਼ਰੂਰ ਲੱਗ ਜਾਂਦਾ ਸੀ ਪਰ ਉਹਨਾਂ ਦਾ ਉਚਾਰਨ ਉਸ ਵੇਲ਼ੇ ਦੀ ਬੋਲੀ ਵਿੱਚ ਕੀ ਸੀ? ਇਸ ਦੀ ਜਾਣਕਾਰੀ ਨਹੀਂ ਮਿਲਦੀ ਸੀ। ਨਾਲ਼ੇ ਚਿੱਤਰ-ਲਿਪੀ ਵਿੱਚ ਸਿਰਫ਼ ਵੇਖੀਆਂ-ਭਾਲ਼ੀਆਂ ਸਥੂਲ ਵਸਤਾਂ ਦੀਆਂ ਤਸਵੀਰਾਂ ਹੀ ਅੰਕਿਤ ਹੋ ਸਕਦੀਆਂ ਸਨ ਪਰ ਬਹਾਦਰੀ, ਪਿਆਰ, ਨਫ਼ਰਤ, ਵਰਗੇ ਸੂਖ਼ਮ ਭਾਵਾਂ ਲਈ ਚਿੱਤਰ-ਮੂਲਿਕ ਚਿੰਨ੍ਹ ਅਧੂਰੇ ਸਨ। ਚਿੱਤਰ-ਲਿਪੀ ਵਿੱਚ ਇਸ ਤਰ੍ਹਾਂ ਬਹੁਤ ਸਾਰੀਆਂ ਊਣਤਾਈਆਂ ਕਰਕੇ ਲਿਪੀ ਦੇ ਇਤਿਹਾਸ ਵਿੱਚ ਦੂਜੀ ਕਿਸਮ ਦੀ ਲਿਪੀ ਦਾ ਵਿਕਾਸ ਹੋਇਆ ਜਿਸ ਨੂੰ ਭਾਵ-ਲਿਪੀ ਕਿਹਾ ਜਾਂਦਾ ਹੈ। ਭਾਵ ਲਿਪੀ ਦੇ ਚਿੰਨ੍ਹ ਸੂਖਮ ਭਾਵ-ਅਰਥਾਂ ਨੂੰ ਵੀ ਜ਼ਾਹਰ ਕਰਨ ਲੱਗੇ। ਸੂਰਜ ਦੀ ਖ਼ਾਲੀ ਤਸਵੀਰ ਭਾਵ ਲਿਪੀ ਵਿੱਚ ਆ ਕੇ ਚਾਨਣ,

Downloaded from https:// www.studiestoday.com

Downloaded from https:// www.studiestoday.com



ਗਰਮੀ, ਊਰਜਾ ਵਰਗੇ ਸੂਖਮ ਅਰਥ ਵੀ ਦੇਣ ਲੱਗੀ। ਚਿੱਤਰ-ਲਿਪੀ ਦੇ ਚਿੰਨ੍ਹ ਜਦੋਂ ਵਸਤੂਆਂ ਦੀ ਥਾਂ ਭਾਵਾਂ ਨੂੰ ਵੀ ਪ੍ਰਗਟ ਕਰਨ ਲਗਦੇ ਹਨ ਤਾਂ ਉਹਨਾਂ ਨੂੰ ਭਾਵ-ਮੂਲਿਕ ਚਿੰਨ੍ਹ ਕਿਹਾ ਜਾਂਦਾ ਹੈ।

## ਲਿਪੀਆਂ ਦਾ ਵਿਕਾਸ

ਭਾਵ-ਲਿਪੀ ਦਾ ਅਗਲਾ ਰੂਪ "ਸ਼ਬਦ-ਮੂਲਿਕ ਲਿਪੀ" ਦਾ ਵਿਕਾਸ ਹੈ। ਚਿੱਤਰ-ਲਿਪੀ ਵਿੱਚ ਪੂਰਾ ਚਿੱਤਰ ਹੀ ਇਕਾਈ ਸੀ, ਭਾਵ ਲਿਪੀ ਵਿੱਚ ਪੂਰਾ ਚਿੱਤਰ ਨਾ ਰਹਿ ਕੇ ਸੰਕੇਤ-ਚਿੱਤਰ ਬਣ ਗਿਆ ਸੀ। ਸ਼ਬਦ ਮੂਲਿਕ ਲਿਪੀ ਵਿੱਚ ਪੂਰਾ ਲਿਪੀ-ਚਿੰਨ੍ਹ ਇਕਾਈ ਹੈ, ਜੋ ਪੂਰੇ-ਪੂਰੇ ਸ਼ਬਦ ਨੂੰ ਪ੍ਰਗਟ ਕਰਦਾ ਹੈ। ਚੀਨੀ ਲਿਪੀ ਸ਼ਬਦ ਮੂਲਿਕ ਲਿਪੀ ਦੀ ਢੁਕਵੀਂ ਮਿਸਾਲ ਹੈ। ਚੀਨੀ ਲਿਪੀ ਵਿੱਚ ਪੂਰੇ-ਪੂਰੇ ਸ਼ਬਦਾਂ ਲਈ ਪੂਰੇ ਲਿਪੀ-ਚਿੰਨ੍ਹ ਹਨ ਅਤੇ ਉਹਨਾਂ ਵਿੱਚ ਸ਼ਬਦਾਂ ਵਿਚਲੀਆਂ ਧੁਨੀਆਂ ਦੀ ਕੋਈ ਸੂਚਨਾ ਜਾਂ ਉਚਾਰਨ ਨਹੀਂ ਮਿਲਦਾ। ਮੈਸੋਪੋਟਾਮੀਆਂ ਅਤੇ ਮਿਸਰ ਦੀਆਂ ਪ੍ਰਾਚੀਨ ਲਿਪੀਆਂ ਵੀ ਸ਼ਬਦ-ਮੂਲਿਕ ਲਿਪੀਆਂ ਹਨ।

ਸ਼ਬਦ ਮੂਲਿਕ ਲਿਪੀ ਤੋਂ ਅੱਗੇ ਲਿਪੀ ਦੀ ਯਾਤਰਾ ਦਾ ਇੱਕ ਹੋਰ ਪੜਾਅ ਮਿਲਦਾ ਹੈ। ਉਹ ਉਚਾਰ-ਖੰਡੀ ਲਿਪੀ (ਸਿਲੇਬਿਕ) ਦਾ ਪੜਾਅ ਹੈ। ਇੱਕੋ ਸ਼ਬਦ ਦੇ ਇੱਕ-ਦੋ-ਤਿੰਨ ਆਦਿ ਜੋ ਵੀ ਸਾਰਥਕ ਟੋਟੇ ਹੋ ਸਕਦੇ ਹਨ, ਉਹਨਾਂ ਨੂੰ ਉਚਾਰ-ਖੰਡ ਕਿਹਾ ਜਾਂਦਾ ਹੈ। ਉਚਾਰ-ਖੰਡੀ ਲਿਪੀ ਵਿੱਚ ਇੱਕੋ ਸ਼ਬਦ ਦੇ ਦੋ ਜਾਂ ਤਿੰਨ ਖੰਡ ਹੀ ਲਿਪੀ-ਚਿੰਨ੍ਹਾਂ ਦਾ ਦਰਜਾ ਰਖਦੇ ਹਨ ਅਤੇ ਇਹ ਸਾਰੇ ਵੱਖਰੇ-ਵੱਖਰੇ ਉਚਾਰ-ਖੰਡ ਅੱਡ-ਅੱਡ ਇਕਾਈਆਂ ਬਣ ਜਾਂਦੀਆਂ ਹਨ। ਜਾਪਾਨ ਦੀਆਂ "ਹੀਰਾ ਗਾਨਾ" ਤੇ "ਕਾਟਾਕਾਨਾ ਲਿਪੀਆਂ ਉਚਾਰ-ਖੰਡੀਆਂ ਲਿਪੀਆਂ ਹਨ। ਭਾਰਤੀ ਆਧੁਨਿਕ ਲਿਪੀਆਂ ਵੀ ਕਾਫ਼ੀ ਹੱਦ ਤੱਕ ਉਚਾਰ-ਖੰਡੀ ਲਿਪੀਆਂ ਹਨ।

ਉਚਾਰ-ਖੰਡੀ ਲਿਪੀ ਤੋਂ ਅੱਗੇ ਵਰਨ-ਮੂਲਿਕ ਲਿਪੀ ਦਾ ਵਿਕਾਸ ਹੁੰਦਾ ਹੈ ਏਥੇ ਵਰਨ (ਅੱਖਰ) ਹੀ ਲਿਪੀ ਵਰਨ-ਮਾਲਾ ਦੀ ਇਕਾਈ ਹੈ। ਇਸ ਨੂੰ ਅਲਫਾਬੈਟਿਕ ਲਿਪੀ ਵੀ ਕਿਹਾ ਜਾਂਦਾ ਹੈ। ਅੰਗਰੇਜ਼ੀ ਦੀ ਰੋਮਨ ਲਿਪੀ ਵਰਨ-ਮੂਲਿਕ ਲਿਪੀ ਦੀ ਸਭ ਤੋਂ ਉੱਤਮ ਵੰਨਗੀ ਹੈ। ਅੰਗਰੇਜ਼ੀ ਭਾਸ਼ਾ ਦੀਆਂ ਵੱਖ-ਵੱਖ ਧੁਨੀਆਂ ਨੂੰ ਚਿੰਨ੍ਹਤ ਕਰਨ ਵਾਸਤੇ ਰੋਮਨ ਲਿਪੀ ਵਿੱਚ ਜੋ ਵੱਖ-ਵੱਖ ਲਿਪੀ-ਚਿੰਨ੍ਹ ਹਨ, ਉਹ ਵਰਨ-ਮੂਲਿਕ ਚਿੰਨ੍ਹ ਹਨ।

## ਭਾਰਤੀ ਲਿਪੀਆਂ

ਸੰਸਾਰ ਵਿੱਚ ਲਗ-ਪਗ ਚਾਰ ਸੌ (400) ਲਿਪੀਆਂ ਦੀ ਵਰਤੋਂ ਹੁੰਦੀ ਹੈ ਇਹਨਾਂ ਵਿੱਚ ਮਿਸਰੀ ਲਿਪੀ, ਅਰਬੀ ਲਿਪੀ, ਯੂਨਾਨੀ ਲਿਪੀ, ਚੀਨੀ ਲਿਪੀ, ਰੋਮਨ ਲਿਪੀ, ਬ੍ਰਾਹਮੀ ਲਿਪੀ ਪ੍ਰਸਿੱਧ ਪ੍ਰਾਚੀਨ ਲਿਪੀਆਂ ਹਨ। ਭਾਰਤ ਵਿੱਚ ਵੀ ਪੰਜ ਹਜ਼ਾਰ ਸਾਲਾਂ ਤੋਂ ਲਿਖਣ ਦੀ ਕਲਾ ਦਾ ਥਹੁ-ਪਤਾ ਲਗਦਾ ਹੈ। ਢਾਈ

Downloaded from https:// www.studiestoday.com

Downloaded from https:// www.studiestoday.com



ਹਜ਼ਾਰ ਸਾਲਾਂ ਤੋਂ ਤਾਂ "ਬ੍ਰਾਹਮੀ" ਲਿਪੀ ਵਿੱਚ ਲਿਖੇ ਸੈਂਕੜੇ ਪੱਥਰ-ਲੇਖ ਮਿਲ਼ਦੇ ਹਨ। ਮੋਹਿੰਜੋਦੜੋ ਤੇ ਹੜੱਪਾ ਥਾਂਵਾਂ ਦੀਆਂ ਥੇਹਾਂ ਵਿੱਚੋਂ ਪੰਜ ਹਜ਼ਾਰ ਸਾਲ ਪੁਰਾਣੀਆਂ ਦੇਵ-ਮੂਰਤੀਆਂ ਅਤੇ ਠੀਕਰੀਆਂ 'ਤੇ ਉੱਕਰੇ ਬੌਲ਼ਦ, ਸ਼ੇਰ ਆਦਿ ਦੇ ਚਿੱਤਰਾਂ ਦੇ ਲਿਪੀ-ਅੱਖਰ ਮਿਲ਼ੇ ਹਨ। ਇਸ ਨੂੰ ਸਿੰਧੂ ਲਿਪੀ ਕਿਹਾ ਗਿਆ ਹੈ। ਸਿੰਧੂ ਲਿਪੀ ਅਜੇ ਪੂਰੇ ਤਰ੍ਹਾਂ ਪੜ੍ਹੀ ਨਹੀਂ ਗਈ ਪਰ ਤੀਜੀ ਸਦੀ ਪੂਰਵ ਈਸਵੀ ਸਮੇਂ ਸਮਰਾਟ ਅਸ਼ੋਕ ਨੇ ਆਪਣੇ ਹੁਕਮਨਾਮੇ ਪੱਥਰਾਂ ਉੱਤੇ ਖੁਦਵਾਏ ਸਨ। ਉਹਨਾਂ ਦੀ ਲਿਪੀ ਬ੍ਰਾਹਮੀ ਤੇ ਖਰੋਸ਼ਟੀ ਹੈ। ਬ੍ਰਾਹਮੀ ਗੁਰਮੁਖੀ ਵਾਂਗ ਖੱਬੇ ਤੋਂ ਸੱਜੇ ਪਾਸੇ ਵੱਲ ਲਿਖੀ ਜਾਂਦੀ ਸੀ ਪਰ ਖਰੋਸ਼ਟੀ ਸੱਜੇ ਤੋਂ ਖੱਬੇ ਲਿਖੀ ਜਾਂਦੀ ਸੀ, ਜਿਵੇਂ ਕਿ ਅੱਜ-ਕੱਲ੍ਹ ਫ਼ਾਰਸੀ-ਉਰਦੂ ਲਿਪੀਆਂ ਲਿਖੀਆਂ ਜਾਂਦੀਆਂ ਹਨ। ਖਰੋਸ਼ਟੀ ਤੀਜੀ ਸਦੀ ਈ. ਤੋਂ ਬਾਅਦ ਖ਼ਤਮ ਹੋ ਗਈ ਪਰ ਬ੍ਰਾਹਮੀ ਪ੍ਰਚਲਿਤ ਰਹਿ ਕੇ ਵਿਕਾਸ ਕਰਦੀ ਰਹੀ।

## ਬ੍ਰਾਹਮੀ ਲਿਪੀ

ਭਾਰਤ ਦੀ ਸਭ ਤੋਂ ਪੁਰਾਣੀ ਲਿਪੀ ਦਾ ਨਾਂ ਬ੍ਰਾਹਮੀ ਹੈ। ਬ੍ਰਾਹਮੀ ਤੋਂ ਪਹਿਲਾਂ ਭਾਵੇਂ ਸਿੰਧੂ ਲਿਪੀ ਦਾ ਜ਼ਿਕਰ ਹੁੰਦਾ ਹੈ ਪਰ ਉਸ ਨੂੰ ਅਜੇ ਤੱਕ ਪੜ੍ਹਿਆ ਨਹੀਂ ਜਾ ਸਕਿਆ ਹੈ। ਬ੍ਰਾਹਮੀ ਇਤਿਹਾਸਕ ਤੌਰ 'ਤੇ ਪ੍ਰਮਾਣਿਤ ਲਿਪੀ ਹੈ। ਬ੍ਰਾਹਮੀ ਲਿਪੀ ਦੀਆਂ ਛੁਟ-ਪੁੱਟ ਨਿਸ਼ਾਨੀਆਂ ਭਾਵੇਂ ਕਾਫ਼ੀ ਪੁਰਾਣੇ ਸਮੇਂ ਵਿੱਚ ਉਪਲਬਧ ਹੁੰਦੀਆਂ ਹਨ ਪਰ ਅੱਜ ਤੋਂ ਕੋਈ ਢਾਈ ਹਜ਼ਾਰ ਸਾਲ ਪਹਿਲਾਂ ਤੀਜੀ ਸਦੀ ਪੂਰਵ-ਈਸਵੀ ਵਿੱਚ ਅਸ਼ੋਕ ਮਹਾਨ (ਰਾਜ ਕਾਲ 272-235 ਪੂ. ਈ.) ਦੇ ਦੇਸ-ਵਿਆਪੀ ਸ਼ਿਲਾਲੇਖਾਂ ਤੋਂ ਬ੍ਰਾਹਮੀ ਦੇ ਪ੍ਰਚਾਰ ਤੇ ਪ੍ਰਸਾਰ ਦੀ ਇਤਿਹਾਸਕ ਗਵਾਹੀ ਮਿਲ਼ਦੀ ਹੈ। ਅਸ਼ੋਕ ਦੇ ਸ਼ਿਲਾਲੇਖ ਜਾਂ ਧਰਮਲੇਖ ਪੱਛਮ-ਉੱਤਰ ਭਾਰਤ (ਹੁਣ ਪਾਕਿਸਤਾਨ) ਤੋਂ ਲੈ ਕੇ ਦੱਖਣੀ ਭਾਰਤ ਵਿੱਚ ਮੈਸੂਰ ਰਾਜ ਤੱਕ ਮਿਲ਼ੇ ਹਨ, ਕਿਉਂਕਿ ਅਸ਼ੋਕ ਦਾ ਰਾਜ-ਸ਼ਾਸਨ ਬੰਗਾਲ ਦੀ ਖਾੜੀ ਤੋਂ ਲੈ ਕੇ ਪੱਛਮ ਵਿੱਚ ਅਰਬ ਸਾਗਰ ਦੇ ਕੰਢਿਆਂ ਤੱਕ ਫੈਲਿਆ ਹੋਇਆ ਸੀ। ਪੱਛਮ-ਉੱਤਰ ਵਿੱਚ ਸ਼ਾਹਬਾਜ਼ ਗੜ੍ਹੀ (ਜ਼ਿਲ੍ਹਾ ਪਿਸ਼ਾਵਰ) ਅਤੇ ਮਾਨਸੇਹਰਾ (ਜ਼ਿਲ੍ਹਾ ਹਜ਼ਾਰਾ) ਦੇ ਸ਼ਿਲਾਲੇਖਾਂ ਨੂੰ ਛੱਡ ਕੇ ਅਸ਼ੋਕ ਦੇ ਬਾਕੀ ਸਾਰੇ ਸ਼ਿਲਾਲੇਖ ਬ੍ਰਾਹਮੀ ਲਿਪੀ ਵਿੱਚ ਹੀ ਅੰਕਿਤ ਹਨ। ਇਹਨਾਂ ਸ਼ਿਲਾਲੇਖਾਂ ਦੀ ਭਾਸ਼ਾ ਪਾਲੀ ਪ੍ਰਾਕਿਰਤ ਹੈ ਜੋ ਵੈਦਿਕ ਸੰਸਕ੍ਰਿਤ ਤੇ ਅਗਲੇ ਪੜਾਅ ਦੀ ਭਾਸ਼ਾ ਹੈ। ਪਾਲੀ ਹੀ ਬੁੱਧ ਧਰਮ ਦੀ ਭਾਸ਼ਾ ਸੀ। ਅਸ਼ੋਕੀ ਸ਼ਿਲਾਲੇਖਾਂ ਦੀ ਪ੍ਰਾਕਿਰਤ ਭਾਸ਼ਾ ਵਿੱਚ ਇਲਾਕੇ ਦੇ ਅਨੁਸਾਰ ਥੋੜ੍ਹਾ-ਥੋੜ੍ਹਾ ਫ਼ਰਕ ਜ਼ਰੂਰ ਦ੍ਰਿਸ਼ਟੀਗੋਚਰ ਹੁੰਦਾ ਹੈ ਇਸ ਤਰ੍ਹਾਂ ਅਸ਼ੋਕ ਦੇ ਰਾਜ-ਕਾਲ ਵਿੱਚ ਸਮੁੱਚੇ ਭਾਰਤ ਵਿੱਚ ਬ੍ਰਾਹਮੀ ਲਿਪੀ ਹੀ ਪ੍ਰਚਲਿਤ ਸੀ ਅਤੇ ਪੱਛਮ-ਉੱਤਰ ਦੇ ਦੋ ਸਥਾਨਾਂ ਦੇ ਸ਼ਿਲਾਲੇਖਾਂ ਵਿੱਚ ਖਰੋਸ਼ਟੀ ਲਿਪੀ ਦਾ ਪ੍ਰਯੋਗ ਹੋਇਆ ਹੈ। ਇਸ ਲਈ ਬ੍ਰਾਹਮੀ ਲਿਪੀ ਗੁਰਮੁਖੀ, ਨਾਗਰੀ ਆਦਿ ਸਾਰੀਆਂ ਭਾਰਤੀ ਲਿਪੀਆਂ ਦੀ ਜਨਮਦਾਤੀ ਮੰਨੀ ਜਾ ਸਕਦੀ ਹੈ।

Downloaded from https:// www.studiestoday.com

Downloaded from https:// www.studiestoday.com



ਅਸ਼ੋਕ ਦੀ ਬ੍ਰਾਹਮੀ ਲਿਪੀ ਵਿੱਚ ਕੁੱਲ 39 (ਉਨਤਾਲ਼ੀ) ਅੱਖਰ-ਸੰਕੇਤ ਹਨ। ਸੰਜੁਗਤ ਅੱਖਰ ਬਹੁਤ ਘੱਟ ਹਨ। ਬ੍ਰਾਹਮੀ, ਗੁਰਮੁਖੀ ਵਾਂਗੂ ਖੱਬੇ ਤੋਂ ਸੱਜੇ ਪਾਸੇ ਵੱਲ ਲਿਖੀ ਜਾਂਦੀ ਹੈ। ਅਸ਼ੋਕ ਤੋਂ ਬਾਅਦ ਜਿਵੇਂ ਸਮਾਂ ਬੀਤਦਾ ਗਿਆ, ਬ੍ਰਾਹਮੀ ਵਿੱਚ ਵੀ ਤਬਦੀਲੀ ਆਉਂਦੀ ਗਈ। ਬ੍ਰਾਹਮੀ ਤੋਂ ਹੀ ਹੌਲ਼ੀ-ਹੌਲ਼ੀ ਭਾਰਤ ਦੀਆਂ ਅਨੇਕ ਪ੍ਰਾਂਤਿਕ ਲਿਪੀਆਂ ਵਿਕਸਿਤ ਹੋਈਆਂ ਹਨ, ਜੋ ਅੱਜ-ਕੱਲ੍ਹ ਜਾਰੀ ਹਨ।

ਬ੍ਰਾਹਮੀ ਤੋਂ ਉੱਤਰੀ ਸ਼ੈਲੀ ਤੇ ਦੱਖਣੀ ਸ਼ੈਲੀ ਦਾ ਵਿਕਾਸ ਹੋਇਆ। ਉੱਤਰੀ ਸ਼ੈਲੀ ਤੋਂ ਗੁਪਤ ਲਿਪੀ ਅਤੇ ਗੁਪਤ ਲਿਪੀ ਤੋਂ ਕੁਟਿਲ ਲਿਪੀ ਵਿਕਸਿਤ ਹੋਈ। ਕੁਟਿਲ ਲਿਪੀ ਤੋਂ ਹੀ ਸ਼ਾਰਦਾ ਲਿਪੀ ਦਾ ਜਨਮ ਹੋਇਆ ਅਤੇ ਸ਼ਾਰਦਾ ਲਿਪੀ ਦੇ ਕਿਸੇ ਪ੍ਰਾਚੀਨ ਲਿਪੀ-ਰੂਪ ਤੋਂ ਗੁਰਮੁਖੀ ਦੀ ਉਤਪਤੀ ਹੋਈ। ਇਸ ਪ੍ਰਕਾਰ ਬ੍ਰਾਹਮੀ ਤੋਂ ਵੱਖ-ਵੱਖ ਪੜਾਉ ਪਾਰ ਕਰਦੀਆਂ ਹੋਈਆਂ ਭਾਰਤ ਦੀਆਂ ਪ੍ਰਮੁੱਖ ਲਿਪੀਆਂ ਜਿਵੇਂ ਦੇਵਨਾਗਰੀ, ਬੰਗਲਾ, ਕੈਥੀ, ਗੁਰਮੁਖੀ, ਮੋੜੀ, ਗੁਜਰਾਤੀ, ਤੇਲਗੂ, ਕੰਨੜੀ ਆਦਿ ਉਤਪੰਨ ਹੋਈਆਂ। ਪੰਜਾਬੀ ਵਿੱਚ ਗੁਰਮੁਖੀ ਤੋਂ ਇਲਾਵਾ ਟਾਕਰੀ, ਲੰਡੇ, ਭੱਟਅੱਛਰੀ, ਸਰਾਫੀ, ਅਰਧ-ਨਾਗਰੀ, ਸਿੱਧ-ਮਾਤਰਿਕਾ ਆਦਿ ਲਿਪੀਆਂ ਸ਼ਾਰਦਾ ਲਿਪੀ ਤੋਂ ਵਿਗਸੀਆਂ ਹਨ।

## ਸ਼ਾਰਦਾ ਲਿਪੀ

ਜਿਵੇਂ ਕਿ ਉੱਪਰ ਲਿਖਿਆ ਹੈ ਸ਼ਾਰਦਾ ਲਿਪੀ ਕੁਟਿਲ ਲਿਪੀ ਤੋਂ ਨਿਕਲ਼ੀ ਹੈ ਅਤੇ ਕੁਟਿਲ ਲਿਪੀ ਖੁਦ ਆਪ ਬ੍ਰਾਹਮੀ ਲਿਪੀ ਦੀ ਸੰਤਾਨ ਹੈ। ਸ਼ਾਰਦਾ ਲਿਪੀ ਕਸ਼ਮੀਰ ਅਤੇ ਉੱਤਰ-ਪੱਛਮੀ ਭਾਰਤ ਦੇ ਇੱਕ ਵੱਡੇ ਭਾਗ ਦੀ ਹਰਮਨ-ਪਿਆਰੀ ਲਿਪੀ ਰਹੀ ਹੈ। ਇਸ ਤੋਂ ਹੀ ਕਸ਼ਮੀਰ ਦੀ ਅਜੋਕੀ ਸ਼ਾਰਦਾ, ਹਿਮਾਚਲ ਪ੍ਰਦੇਸ਼ ਦੀ ਟਾਕਰੀ ਅਤੇ ਪੰਜਾਬ ਦੀ ਗੁਰਮੁਖੀ ਲਿਪੀ ਉਤਪੰਨ ਹੋਈਆਂ ਹਨ।

ਬਿਊਹਲਰ ਅਨੁਸਾਰ ਕਸ਼ਮੀਰ ਵਾਦੀ ਵਿੱਚ ਸ਼ਾਰਦਾ ਲਿਪੀ ਦਾ ਸਭ ਤੋਂ ਪਹਿਲੇ ਅੱਖਰ ਉਤਪਲ ਰਾਜ-ਘਰਾਣੇ ਦੇ ਸਿੱਕਿਆਂ ਵਿੱਚ ਮਿਲ਼ਦੇ ਹਨ ਜਿਨ੍ਹਾਂ ਦਾ ਸਮਾਂ ਨੌਂਵੀਂ-ਦਸਵੀਂ ਸਦੀ ਹੈ। ਚੰਬਾ ਸਟੇਟ ਦੇ ਪਿੰਡ ਸਰਾਹਾਂ ਵਿੱਚ ਵੀ ਡਾ. ਗੁਣਾਕਾਰ ਮੂਲੇ ਅਤੇ ਡਾ. ਤਰਲੋਚਨ ਸਿੰਘ ਬੇਦੀ ਦੇ ਅਨੁਸਾਰ ਸਭ ਤੋਂ ਪੁਰਾਣੇ ਸ਼ਾਰਦਾ ਅੱਖਰ ਮਿਲ਼ੇ ਹਨ। ਇਹਨਾਂ ਦਾ ਸਮਾਂ ਨੌਂਵੀਂ-ਦਸਵੀਂ ਸਦੀ ਈ. ਮੰਨਿਆ ਜਾਂਦਾ ਹੈ। ਇਸ ਤੋਂ ਬਿਨਾਂ ਕਾਂਗੜਾ ਵਾਦੀ ਵਿੱਚ ਸ਼ਾਰਦਾ ਲਿਪੀ ਦੇ ਅਭਿਲੇਖ ਪ੍ਰਾਪਤ ਹੋਏ ਹਨ। ਇਸ ਪ੍ਰਕਾਰ ਸ਼ਾਰਦਾ ਲਿਪੀ ਦੀ ਵਰਤੋਂ ਨਾ ਕੇਵਲ ਕਸ਼ਮੀਰ ਤੇ ਪੰਜਾਬ ਵਿੱਚ ਹੀ ਹੋਈ ਹੈ ਸਗੋਂ ਗਾਂਧਾਰ (ਕੰਧਾਰ), ਜੰਮੂ, ਚੰਬਾ, ਸਟੇਟ, ਕਾਂਗੜਾ ਅਤੇ ਮੌਜੂਦਾ ਹਰਿਆਣਾ ਪ੍ਰਦੇਸ਼ ਵਿੱਚ ਹੁੰਦੀ ਰਹੀ ਹੈ।

ਸ਼ਾਰਦਾ ਸਰਸਵਤੀ ਦਾ ਨਾ ਹੈ ਜੋ ਵਿੱਦਿਆ ਦੀ ਦੇਵੀ ਹੈ। ਇਸੇ ਦੇਵੀ ਦੇ ਨਾਂ 'ਤੇ ਕਸ਼ਮੀਰ ਦਾ ਨਾਂ "ਸ਼ਾਰਦਾ ਮੰਡਲ" ਪਿਆ ਸੀ। ਇਸੇ ਕਰਕੇ ਕਸ਼ਮੀਰ ਦੀ ਪ੍ਰਾਚੀਨ ਲਿਪੀ ਨੂੰ ਸ਼ਾਰਦਾ ਲਿਪੀ ਕਿਹਾ ਜਾਂਦਾ ਰਿਹਾ ਹੈ ਜੋ ਅੱਜ ਤੱਕ


Downloaded from https:// www.studiestoday.com

Downloaded from https:// www.studiestoday.com



ਕਿਸੇ ਨਾ ਕਿਸੇ ਰੂਪ ਵਿੱਚ ਪ੍ਰਚਲਿਤ ਹੈ। ਕਸ਼ਮੀਰ ਵਾਦੀ ਵਿੱਚ ਸ਼ਾਰਦਾ ਦਾ ਪ੍ਰਯੋਗ ਹੁਣ ਤੱਕ ਵੀ ਕੇਵਲ ਧਾਰਮਿਕ ਬਜ਼ੁਰਗ ਕਰਦੇ ਹਨ ਪਰ ਹੁਣ ਕਸ਼ਮੀਰ ਦੀ ਸਰਕਾਰ ਨੇ ਅਜੋਕੀ ਸ਼ਾਰਦਾ ਨੂੰ ਬੰਦ ਕਰਕੇ ਉਸ ਦੀ ਥਾਂ ਉਰਦੂ ਨੂੰ ਸਥਾਪਿਤ ਕਰ ਦਿੱਤਾ ਹੈ। ਦਸਵੀਂ ਸਦੀ ਦੇ ਨੇੜੇ-ਤੇੜੇ ਤੋਂ ਕਸ਼ਮੀਰ, ਕਾਂਗੜਾ, ਪੰਜਾਬ ਆਦਿ ਵਿੱਚ ਸ਼ਾਰਦਾ ਲਿਪੀ ਵਿੱਚ ਇਲਾਕਾਈ ਅੰਤਰ ਦਿਖਾਈ ਦੇਣੇ ਸ਼ੁਰੂ ਹੋ ਗਏ ਸਨ ਅਤੇ ਸ਼ਾਰਦਾ ਦਾ ਅਗਲਾ ਵਿਕਾਸ ਸ਼ੁਰੂ ਹੋਣ ਲੱਗ ਪਿਆ ਸੀ। ਸ਼ਾਰਦਾ ਦੇ ਅਗਲੇ ਵਿਕਸਿਤ ਰੂਪ ਨੂੰ ਪਿਛਲੀ ਸ਼ਾਰਦਾ ਕਿਹਾ ਜਾਂਦਾ ਹੈ। ਇਸੇ ਪਿਛਲੀ ਸ਼ਾਰਦਾ ਤੋਂ ਹੀ ਸਿੱਧ-ਮਾਤਰਿਕਾ, ਭੱਟਅੱਛਰੀ, ਅਰਧ-ਨਾਗਰੀ, ਟਾਕਰੀ, ਲੰਡੇ ਅਤੇ ਗੁਰਮੁਖੀ ਲਿਪੀਆਂ ਨਿਕਲ਼ੀਆਂ ਹਨ ਜੋ ਕਸ਼ਮੀਰ ਤੋਂ ਲੈ ਕੇ ਹਰਿਆਣਾ ਤੱਕ ਵੱਖ-ਵੱਖ ਇਲਾਕਿਆਂ ਵਿੱਚ ਪ੍ਰਚਲਿਤ ਹੋਈਆਂ ਹਨ। ਇਹਨਾਂ ਸਾਰੀਆਂ ਲਿਪੀਆਂ ਦੇ ਸਾਂਝੇ ਇੱਕੋਂ ਮੂਲ-ਸ੍ਰੋਤ ਦੀ ਗਵਾਹੀ ਇਸ ਤੱਥ ਤੋਂ ਮਿਲਦੀ ਹੈ ਕਿ ਇਹਨਾਂ ਵਿੱਚ ਅਜੋਕੇ ਅੱਖਰਾਂ ਦੀ ਨੇੜੇ ਦੀ ਸਾਂਝ ਤੇ ਸਮਾਨਤਾ ਕਾਫ਼ੀ ਮਾਤਰਾ ਵਿੱਚ ਮਿਲ਼ਦੀ ਹੈ।

**ਬ੍ਰਾਹਮੀ ਲਿਪੀ-ਪਰਿਵਾਰ ਦਾ ਰੇਖਾ-ਚਿੱਤਰ ਹੇਠ ਦਿੱਤਾ ਹੈ :—**




## ਪੰਜਾਬ ਦੀਆਂ ਲਿਪੀਆਂ

ਪੰਜਾਬ ਵਿੱਚ ਸ਼ਾਰਦਾ, ਟਾਕਰੀ, ਲੰਡੇ, ਸਿਧ-ਮਾਤਰਿਕਾ, ਗੁਰਮੁਖੀ, ਭੱਟਅੱਛਰੀ, ਲਿਪੀਆਂ ਪ੍ਰਚਲਿਤ ਰਹੀਆਂ ਹਨ। ਸ਼ਾਰਦਾ ਦਾ ਖੇਤਰ ਕਸ਼ਮੀਰ ਤੋਂ ਪੰਜਾਬ ਤੱਕ ਸੀ। ਉਸ ਵਿੱਚੋਂ ਹੀ ਨਵੀਨ ਸ਼ਾਰਦਾ ਉਤਪੰਨ ਹੋਈ ਜੋ ਹੁਣ ਤੱਕ ਕਸ਼ਮੀਰ ਵਿੱਚ ਚਾਲੂ ਹੈ ਪਰ ਹੁਣ ਕਸ਼ਮੀਰ ਵਿੱਚ ਸ਼ਾਰਦਾ ਦੀ ਥਾਂ ਉਰਦੂ ਲਿਪੀ

Downloaded from https:// www.studiestoday.com

Downloaded from https:// www.studiestoday.com



ਨੇ ਮੱਲ ਲਈ ਹੈ। ਟਾਕਰੀ ਲਿਪੀ ਕਾਂਗੜਾ ਤੇ ਜੰਮੂ ਪ੍ਰਦੇਸ਼ ਵਿੱਚ ਪ੍ਰਚਲਿਤ ਸੀ। ਹੁਣ ਉਸ ਨੂੰ ਤਿਆਗ ਦਿੱਤਾ ਗਿਆ ਹੈ। ਉਸ ਦੀ ਥਾਂ ਦੇਵਨਾਗਰੀ ਲਿਪੀ ਦਾ ਪ੍ਰਚਾਰ ਹੋ ਰਿਹਾ ਹੈ। ਲੰਡੇ, ਮਹਾਜਨੀ, ਸਰਾਫੀ ਆਦਿ ਲਿਪੀਆਂ ਮਹਾਜਨਾਂ-ਵਪਾਰੀਆਂ ਦੀਆਂ ਵਹੀਆਂ ਤੇ ਖਾਤਿਆ ਵਿੱਚ ਲਿਖੀਆਂ ਜਾਂਦੀਆਂ ਸਨ। ਉਹਨਾਂ ਦੀ ਵਰਤੋਂ ਉੱਥੋਂ ਤੱਕ ਹੀ ਸੀਮਤ ਸੀ। ਸਿੱਧ ਮਾਤਰਿਕਾ, ਅਰਧ-ਨਾਗਰੀ, ਭੱਟਅੱਛਰੀ, ਆਦਿ ਦੇ ਕੋਈ ਚਿੰਨ੍ਹ ਅੱਜ ਬਕਾਇਆ ਨਹੀਂ ਹਨ, ਸਿਰਫ਼ ਗੁਰਮੁਖੀ ਹੀ ਬਚੀ ਹੈ।

## ਗੁਰਮੁਖੀ ਦਾ ਨਿਕਾਸ

ਗੁਰਮੁਖੀ ਦੇ ਨਿਕਾਸ ਜਾਂ ਉਤਪਤੀ ਬਾਰੇ ਤਿੰਨ ਤਰ੍ਹਾਂ ਦੇ ਮਤ-ਸਿਧਾਂਤ ਵੇਖੇ ਜਾਂਦੇ ਹਨ। ਪਹਿਲਾ ਮੱਤ ਇਹ ਹੈ ਕਿ ਗੁਰਮੁਖੀ ਦੀ ਰਚਨਾ ਗੁਰੂ ਅੰਗਦ ਦੇਵ ਜੀ ਨੇ ਕੀਤੀ। ਗੁਰਮੁਖੀ ਪਦ ਬਾਰੇ ਹਵਾਲਾ ਬਾਬਾ ਮੋਹਨ ਵਾਲ਼ੀਆਂ ਪੋਥੀਆਂ ਵਿੱਚ ਇਉਂ ਮਿਲ਼ਦਾ ਹੈ :

"ਗੁਰੂ ਅੰਗਦੁ ਗੁਰਮੁਖੀ ਅੱਖਰੁ ਬਾਨਾਏ ਬਾਬੇ ਦੇ ਅਗੇ ਸਬਦੁ ਭੇਟ ਕੀਤਾ"
ਸਿੱਖ ਸਾਹਿਤ ਵਿੱਚ ਇਸ ਮਤ ਦੀ ਪ੍ਰੋੜ੍ਹਤਾ ਵਿੱਚ ਕਈ ਹਵਾਲੇ ਮਿਲ਼ਦੇ ਹਨ। ਸਹਿਬ ਸਿੰਘ ਮ੍ਰਿਗਿੰਦ ਅਤੇ ਗਿਆਨੀ ਗਿਆਨ ਸਿੰਘ ਵੀ ਇਸੇ ਮਤ ਦੇ ਧਾਰਨੀ ਹਨ। ਇਹਨਾਂ ਨੂੰ ਆਧਾਰ ਬਣਾ ਕੇ ਗ੍ਰੀਅਰਸਨ ਵਰਗੇ ਪੱਛਮੀ ਵਿਦਵਾਨਾਂ ਨੇ ਵੀ ਗੁਰੂ ਅੰਗਦ ਦੇਵ ਜੀ ਨੂੰ ਹੀ ਗੁਰਮੁਖੀ ਲਿਪੀ ਦੇ ਕਰਤਾ ਮੰਨਿਆ ਹੈ।

ਦੂਜੇ ਮਤ ਦੇ ਅਨੁਸਾਰ ਗੁਰਮੁਖੀ ਦੇ ਰਚੈਤਾ ਗੁਰੂ ਨਾਨਕ ਦੇਵ ਜੀ ਸਨ। ਪ੍ਰੋ. ਪ੍ਰੀਤਮ ਸਿੰਘ ਨੇ ਕਿਸੇ ਕੰਕਨ ਨਾਂ ਵਾਲ਼ੇ ਕਵੀ ਦੀ ਅਣਛਪੀ ਰਚਨਾ "ਦਸ ਗੁਰੂ ਕਥਾ" ਵਿੱਚੋਂ ਇਹ ਟੂਕ ਲਿਖੀ ਹੈ। ਕੰਕਨ ਗੁਰੂ ਨਾਨਕ ਦੀ ਉਸਤਤ ਵਿੱਚ ਲਿਖਦਾ ਹੈ—

"ਏਹ ਕੀਆ ਉਪਕਾਰ ਬਡਾ, ਗੁਰੂ ਅੱਛਰ ਬੇਦਨ ਕੇ ਪਲਟਾਏ।

ਗੁਰਮੁਖਿ ਅਖਯਰ ਕੀਨੇ ਤਬੈ ਜਬ ਕੈ ਸਿਉਂ ਕੋ ਨਰ ਕਸਟ ਨ ਪਾਏ।"

ਤੀਜਾ ਮਤ ਕੇਸਰ ਸਿੰਘ ਛਿੱਬਰ ਦੇ ਗ੍ਰੰਥ "ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ" ਵਿੱਚ ਉਪਲਬਧ ਹੈ। ਇਸ ਵਿੱਚ ਬਾਬਾ ਸ੍ਰੀ ਚੰਦ ਜੀ ਨੂੰ ਗੁਰਮੁਖੀ ਦਾ ਰਚੈਤਾ ਮੰਨਿਆ ਹੈ। ਤੁਕਾਂ ਇਹ ਹਨ—

"ਜੈਸੇ ਸਹਿਬ ਸ੍ਰੀ ਚੰਦ ਜੀ ਅਖਰ ਗੁਰਮੁਖੀ ਬਣਾਏ।

ਅਗੇ ਸਾਸਤ੍ਰੀ, ਪਾਰਸੀ, ਟਾਕਰੇ ਆਹੇ।"

ਇਹਨਾਂ ਸਾਰੀਆਂ ਧਾਰਨਾਵਾਂ ਦੀ ਭਰਮ-ਨਵਿਰਤੀ ਇਸ ਇਤਿਹਾਸਿਕ ਪ੍ਰਮਾਣ ਤੋਂ ਹੋ ਜਾਂਦੀ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਆਪ ਜਿਹੜੀ "ਪਟੀ" ਨਾਮਕ ਬਾਣੀ ਰਚੀ, ਜੋ ਹੁਣ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ ਦਰਜ ਹੈ, ਉਸ

Downloaded from https:// www.studiestoday.com

Downloaded from https:// www.studiestoday.com



ਵਿੱਚ ਗੁਰਮੁਖੀ ਲਿਪੀ ਦੇ ਸਾਰੇ ਅੱਖਰ ਅਤੇ ਉਹਨਾਂ ਅੱਖਰਾਂ ਦੇ ਸੱਸਾ, ਕੱਕਾ, ਆਦਿ ਉਚਾਰਨ ਵੀ ਦਿੱਤੇ ਹੋਏ ਹਨ। ਪਟੀ ਦਾ ਅਰਥ ਵਰਨ-ਮਾਲਾ, ਪੈਂਤੀ, ਹਰਫ਼ਾਂ ਦੀ ਲੜੀ ਹੈ ਪਰ ਪਟੀ ਦਾ ਅਰਥ ਲੱਕੜੀ ਦੀ ਫੱਟੀ ਵੀ ਹੈ ਜਿਸ ਉੱਤੇ ਅੱਖਰ ਲਿਖੇ ਜਾਂਦੇ ਸਨ। ਪੰਜਾਬੀ ਦੇ ਮੁਹਾਵਰਿਆਂ ਜਿਵੇਂ ਕਿ ਪੱਟੀ ਪੜ੍ਹਾਉਣਾ, ਪੱਟੀ ਮੇਸ ਕਰਨਾ, ਵਿੱਚ ਵਰਨ-ਮਾਲ਼ਾ ਅਤੇ ਫੱਟੀ ਦੇ ਮੂਲ ਸ਼ਬਦਾਰਥ ਪ੍ਰਾਪਤ ਹਨ, ਭਾਵੇਂ ਪ੍ਰਯੋਗ ਵਿੱਚ ਲੱਖਣਾਰਥ ਵੀ ਹਨ। ਗੁਰੂ ਨਾਨਕ ਦੇਵ ਜੀ ਨੇ ਆਪਣੇ ਤੋਂ ਪਹਿਲੇ ਦੇ ਆਮ ਲੋਕਾਂ ਵਿੱਚ ਪ੍ਰਚਲਿਤ ਅੱਖਰ ਲੈ ਕੇ ਅੱਖਰ-ਕ੍ਰਮ ਨਾਲ਼ ਬਾਣੀ ਦਾ ਉਚਾਰਨ ਕੀਤਾ ਸੀ। ਇਸ ਤੋਂ ਜ਼ਾਹਰ ਹੈ ਕਿ ਗੁਰਮੁਖੀ, ਬਾਬਾ ਸ੍ਰੀ ਚੰਦ ਜੀ, ਗੁਰੂ ਅੰਗਦ ਦੇਵ ਜੀ ਜਾਂ ਗੁਰੂ ਨਾਨਕ ਦੇਵ ਜੀ ਨੇ ਨਹੀਂ ਬਣਾਈ, ਇਹ ਤਾਂ ਪੁਰਾਤਨ ਪੰਜਾਬ ਵਿੱਚ ਆਮ ਵਰਤੀ ਜਾਂਦੀ ਸੀ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਗੁਰਮੁਖੀ ਦਾ ਆਖ਼ਰਕਾਰ ਸਰੋਤ ਕੀ ਹੈ? ਇਸ ਦਾ ਕਿੱਥੋਂ ਨਿਕਾਸ ਹੋਇਆ? ਇਹ ਤਾਂ ਅਸੀਂ ਵੇਖ ਆਏ ਹਾਂ ਕਿ ਭਾਰਤ ਦੀਆਂ ਸਾਰੀਆਂ ਲਿਪੀਆਂ ਦਾ ਸੋਮਾ "ਬ੍ਰਾਹਮੀ" ਲਿਪੀ ਹੈ। ਬ੍ਰਾਹਮੀ ਦੀ ਉੱਤਰ ਸ਼ੈਲੀ ਤੇ ਗੁਪਤ ਲਿਪੀ ਅਤੇ ਗੁਪਤ ਲਿਪੀ ਤੋਂ ਕੁਟਿਲ ਲਿਪੀ ਅਤੇ ਕੁਟਿਲ ਲਿਪੀ ਤੋਂ ਹੀ ਸ਼ਾਰਦਾ ਅਤੇ ਸ਼ਾਰਦਾ ਤੋਂ ਅਰਧ-ਨਾਗਰੀ, ਸਿਧ-ਮਾਤਰਿਕਾ, ਲੰਡੇ ਮਹਾਜਨੀ, ਭੱਟਅੱਛਰੀ, ਉੱਚੀ, ਗੁਰਮੁਖੀ ਆਦਿ ਲਿਪੀਆਂ ਨਿਕਲ਼ੀਆਂ ਹਨ। ਸ਼ਾਰਦਾ ਦੇ ਪ੍ਰਾਚੀਨ ਸ਼ਾਰਦਾ ਅਤੇ ਨਵੀਨ ਸ਼ਾਰਦਾ ਦੋ ਰੂਪ ਹੈ। ਸ਼ਾਰਦਾ ਅਤੇ ਗੁਰਮੁਖੀ ਦੇ ਸੰਬੰਧਾਂ ਬਾਰੇ ਵਿਦਵਾਨਾਂ ਦੀਆਂ ਰਾਵਾਂ ਵੇਖਣਯੋਗ ਹਨ। ਜੇ.ਬੀ ਸਿੰਘ ਨੇ ਗੁਰਮੁਖੀ ਦਾ ਨਿਕਾਸ ਅਰਧ-ਨਾਗਰੀ ਤੋਂ ਮੰਨਿਆ ਹੈ ਪਰ ਇਹ ਮੱਤ ਵਜ਼ਨਦਾਰ ਨਹੀਂ ਦੂਜੇ ਪਾਸੇ ਗੌਰੀ ਸ਼ੰਕਰ ਓਝਾ ਨੇ ਗੁਰਮੁਖੀ ਦੀ ਉਤਪਤੀ ਸ਼ਾਰਦਾ ਤੋਂ ਮੰਨੀ ਹੈ। ਡਚ (ਹਾਲੈਂਡ) ਵਿਦਵਾਨ ਵੋਗਲ (Vogel) ਨੇ ਲਿਖਿਆ ਹੈ, "ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਗੁਰਮੁਖੀ ਜੋ ਕਿ ਅਜੋਕੇ ਪੰਜਾਬ ਦੀ ਲੋਕ ਭਾਸ਼ਾ ਦੀ ਲਿਪੀ ਹੈ, ਪ੍ਰਾਚੀਨ ਸ਼ਾਰਦਾ ਦੀ ਹੀ ਸੰਤਾਨ ਹੈ।" ਜਯ ਚੰਦ ਵਿਦਿਆਲੰਕਾਰ ਅਤੇ ਡਾ. ਤਰਲੋਚਨ ਸਿੰਘ ਬੇਦੀ ਨੇ ਵੀ ਗੁਰਮਖੀ ਦਾ ਜਨਮ ਸ਼ਾਰਦਾ ਤੋਂ ਹੀ ਹੋਇਆ ਮੰਨਿਆ ਹੈ। ਪੰਜਾਬ ਦੇ ਸਾਹਿਤ ਵਿੱਚ ਵੀ ਸ਼ਾਰਦਾ ਦੇ ਪ੍ਰਚਲਨ ਦੇ ਹਵਾਲੇ ਮਿਲ਼ਦੇ ਹਨ। "ਗਿਆਨ ਰਤਨਾਵਲੀ" (1730 ਈ.) ਵਿੱਚ ਪਾਂਧੇ ਪੜ੍ਹਨ ਵਾਲ਼ੀ ਸਾਖੀ ਵਿੱਚ ਇਹ ਸਤਰਾਂ ਅੰਕਿਤ ਹਨ-

"ਬਾਬੇ ਨੂੰ ਪਾਂਧੇ ਕਹਾ" ਤੂ ਪੜ੍ਹ ਸਾਰਦਾ "ਉਘੰ ਸੁਆਹਾ ਸੁਅਸਤ" ਇਵੇਂ ਹੀ "ਗਿਆਨ ਰਤਨਾਗਰ" ਗ੍ਰੰਥ ਵਿੱਚ ਪਾਂਧੇਵਾਲੀ ਸਾਖੀ ਵਿੱਚ ਪਾਂਧਾ ਗੁਰੂ ਜੀ ਨੂੰ ਪੜ੍ਹਾਉਣ ਲੱਗਿਆਂ ਪਹਿਲਾਂ ਸ਼ਾਰਦਾ ਦਾ ਮੰਤ੍ਰ, ਪੜ੍ਹਾਉਂਦਾ ਹੈ। "ਤਬ ਲਿਆਯ ਪਟੀ ਬੁਧਕਾ ਲਿਖਤਾਂ ਪ੍ਰਬ ਸ਼ਾਰਦਾ ਮੰਤ੍ਰ ਪਠਾਵਤ ਭੇ"

ਇਸ ਸਮੱਸਿਆ ਨੂੰ ਇੱਕ ਹੋਰ ਦ੍ਰਿਸ਼ਟੀ ਤੋਂ ਵੀ ਵੇਖਿਆ ਜਾ ਸਕਦਾ ਹੈ ਪ੍ਰਾਚੀਨ ਪੰਜਾਬੀ ਦੀਆਂ ਅਰਧ-ਨਾਗਰੀ, ਸਿੱਧ-ਮਾਤਰਿਕਾ, ਲੰਡੇ ਆਦਿ ਲਿਪੀਆਂ

Downloaded from https:// www.studiestoday.com

Downloaded from https:// www.studiestoday.com



ਨਾਲ਼ ਜਦ ਅਸੀਂ ਗੁਰਮੁਖੀ ਦਾ ਟਾਕਰਾ ਕਰਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਇਹਨਾਂ ਦੇ ਬਹੁਤ ਸਾਰੇ ਅੱਖਰ ਆਪਸ ਵਿੱਚ ਮਿਲ਼ਦੇ ਹਨ। ਗੁਰਮੁਖੀ ਲਿਪੀ ਸ਼ਾਰਦਾ ਦੇ ਹੀ ਪਿਛਲੇ ਰੂਪ ਦਾ ਇੱਕ ਇਲਾਕਾਈ ਵਿਕਸਿਤ ਰੂਪ ਹੈ। ਸਾਰੰਸ਼ ਇਹ ਹੈ ਕਿ ਗੁਰਮੁਖੀ ਅਤੇ ਹੋਰ ਪੰਜਾਬ ਦੀਆਂ ਪੁਰਾਣੀਆਂ ਲਿਪੀਆਂ ਦਾ ਜਨਮ ਸ਼ਾਰਦਾ ਲਿਪੀ ਤੋਂ ਹੀ ਹੋਇਆ ਹੈ।

## ਗੁਰਮੁਖੀ ਦਾ ਨਾਮਕਰਨ

ਗੁਰਮੁਖੀ ਇੱਕ ਪ੍ਰਾਚੀਨ ਲਿਪੀ ਹੈ ਜੋ ਬ੍ਰਾਹਮੀ ਲਿਪੀ-ਪਰਿਵਾਰ ਦੀ ਸ਼ਾਰਦਾ ਲਿਪੀ ਤੋਂ ਨਿਕਲ਼ੀ ਹੈ। ਹਾਂ ਇੱਕ ਗੱਲ ਜ਼ਰੂਰ ਹੈ ਕਿ ਗੁਰੂ ਸਹਿਬਾਨ ਤੋਂ ਪਹਿਲਾਂ ਗੁਰਮੁਖੀ ਲਿਪੀ ਦਾ ਨਾਂ ਗੁਰਮੁਖੀ ਨਹੀਂ ਸੀ, ਕੋਈ ਹੋਰ ਨਾਂ ਹੋਵੇਗਾ, ਜਿਵੇਂ ਸ਼ਾਰਦਾ ਜਾਂ ਸਿਧੋਙਾਇਆ, ਸਿੱਧ-ਮਾਤਰਿਕਾ ਭੱਟਅੱਛਰੀ ਜਾਂ ਅਰਧ-ਨਾਗਰੀ। ਗੁਰਮੁਖੀ ਨਾਂ ਤਾਂ ਗੁਰੂ ਸਾਹਿਬਾਨ ਦੀ ਦੇਣ ਹੈ। ਜਦੋਂ ਗੁਰੂ ਨਾਨਕ ਦੇਵ ਜੀ ਦੇ ਯੁੱਗ ਵਿੱਚ ਗੁਰੂ-ਬਾਣੀ ਨੂੰ ਲਿਖਣ ਦਾ ਅਵਸਰ ਆਇਆ ਤਾਂ ਉਸ ਵੇਲ਼ੇ ਅਜਿਹੀ ਲਿਪੀ ਦੀ ਜ਼ਰੂਰਤ ਸੀ ਜੋ ਸਾਹਿਤਿਕ ਹੋਵੇ ਅਤੇ ਜੋ ਗੁਰਬਾਣੀ ਦੀਆਂ ਬਰੀਕੀਆਂ ਨੂੰ ਅੰਕਿਤ ਕਰਨ ਵਿੱਚ ਸਮਰੱਥ ਹੋਵੇ। ਗੁਰੂ ਸਾਹਿਬਾਨ ਦੇ ਸਾਹਮਣੇ ਪੰਜਾਬ ਦੀਆਂ ਅਧੂਰੀਆਂ ਲਿਪੀਆਂ ਸਨ। ਹੋ ਸਕਦਾ ਹੈ ਉਹਨਾਂ ਅਧੂਰੀਆਂ ਲਿਪੀਆਂ ਦੇ ਅੱਖਰਾਂ ਨੂੰ ਸੋਧ ਕੇ ਅਤੇ ਤਰਤੀਬ ਦੇ ਕੇ ਇੱਕ ਅਜਿਹੀ ਲਿਪੀ ਵਿਓਂਤ ਲਈ ਜੋ ਤਤਕਾਲੀ ਪੰਜਾਬੀ ਸਾਹਿਤਿਕ ਭਾਸ਼ਾ ਅਤੇ ਗੁਰੂ-ਬਾਣੀ ਦੀਆਂ ਸਾਰੀਆਂ ਧੁਨੀਆਂ ਨੂੰ ਲਿਖਣ ਲਈ ਆਦਰਸ਼ ਲਿਪੀ ਬਣ ਨਿੱਬੜੀ।

ਗੁਰਮੁਖੀ ਦਾ ਨਾਂ ਪੁਰਾਣਾ ਨਹੀਂ, ਕੋਈ ਪੰਜ ਸੌ ਸਾਲ ਤੋਂ ਹੀ ਪਿਆ ਹੈ ਪਰ ਗੁਰਮੁਖੀ ਦੇ ਅੱਖਰ ਅਵੱਸ਼ ਪੁਰਾਣੇ ਹਨ। ਗੁਰਮੁਖੀ ਦੇ 15 ਅੱਖਰ ਟਾਕਰੀ ਦੇ ਅੱਖਰਾਂ ਨਾਲ਼ ਸਾਂਝੇ ਹਨ, ਪੰਜ ਕਾਫੀ ਮਿਲ਼ਦੇ ਹਨ ਅਤੇ ਛੇ ਕੁਝ-ਕੁਝ ਮਿਲ਼ਦੇ ਹਨ। ਸੱਤ ਅੱਖਰ ਨਵੀਨ ਸ਼ਾਰਦਾ ਨਾਲ਼ ਸਾਂਝੇ ਹਨ ਅਤੇ ਬਾਰਾਂ ਕਾਫ਼ੀ ਮਿਲ਼ਦੇ ਹਨ। ਗੁਰਮੁਖੀ ਦੇ ਜਿਹੜੇ ਥੋੜ੍ਹੇ ਅੱਖਰ ਸ਼ਾਰਦਾ ਤੇ ਟਾਕਰੀ ਨਾਲ਼ ਨਹੀਂ ਰਲ਼ਦੇ ਉਹ ਲੰਡੇ, ਮਹਾਜਨੀ ਦੇ ਅੱਖਰਾਂ ਨਾਲ਼ ਮਿਲ਼ਦੇ ਹਨ। ਇਸ ਤੋਂ ਸਿੱਟਾ ਇਹ ਨਿਕਲ਼ਦਾ ਹੈ ਕਿ ਗੁਰਮੁਖੀ ਦੇ ਸਾਰੇ ਅੱਖਰ ਗੁਰੂ ਕਾਲ ਤੋਂ ਪਹਿਲਾਂ ਦੇ ਸਨ ਪਰ ਗੁਰੂ ਨਾਨਕ ਦੇਵ ਜਾਂ ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਨੂੰ ਸਹੀ ਸੋਧ ਤੇ ਤਰਤੀਬ ਦੇ ਕੇ ਆਦਰਸ਼ ਲਿਪੀ ਦਾ ਮੁਹਾਂਦਰਾ ਪ੍ਰਦਾਨ ਕੀਤਾ। ਇਸ ਲਈ ਇਹ ਕਹਿਣਾ ਸਰਾਸਰ ਭ੍ਰਾਮਿਕ ਹੈ ਕਿ ਗੁਰਮੁਖੀ ਸਿੱਖ ਗੁਰੂਆਂ ਦੀ ਘੜੀ ਹੋਈ ਲਿਪੀ ਹੈ। ਸਗੋਂ ਸਚਾਈ ਇਹ ਹੈ ਕਿ ਗੁਰਮੁਖੀ ਗੁਰੂ-ਕਾਲ ਤੋਂ ਪਹਿਲਾਂ ਪੰਜਾਬ ਵਿੱਚ ਪ੍ਰਚਲਿਤ ਪੁਰਾਣੀਆਂ ਲਿਪੀਆਂ ਦਾ ਸੁਧਰਿਆ ਤੇ ਸੁਆਰਿਆ ਰੂਪ ਹੈ।

Downloaded from https:// www.studiestoday.com

Downloaded from https:// www.studiestoday.com



## ਗੁਰਮੁਖੀ ਵਰਨ-ਮਾਲਾ

ਗੁਰਮੁਖੀ ਦੀ ਜੋ ਇਸ ਵੇਲ਼ੇ ਵਰਨ-ਮਾਲਾ ਹੈ ਉਸ ਦਾ ਵਿਸਤਾਰ ਇਹ ਹੈ-

| | | | | |
|---|---|---|---|---|
| ੳ | ਅ | ੲ | ਸ | ਹ |
| ਕ | ਖ | ਗ | ਘ | ਙ |
| ਚ | ਛ | ਜ | ਝ | ਞ |
| ਟ | ਠ | ਡ | ਢ | ਣ |
| ਤ | ਥ | ਦ | ਧ | ਨ |
| ਪ | ਫ | ਬ | ਭ | ਮ |
| ਯ | ਰ | ਲ | ਵ | ੜ |

ਇਹ ਪੈਂਤੀ ਅੱਖਰ ਹਨ। ਇਹਨਾਂ ਤੋਂ ਬਿਨਾਂ, ਹੁਣ ਫ਼ਾਰਸੀ ਧੁਨੀਆਂ ਨੂੰ ਪ੍ਰਗਟਾਉਣ ਲਈ ਸ਼, ਖ਼, ਗ਼, ਜ਼, ਫ਼, ਲ਼ ਛੇ ਹੋਰ ਅੱਖਰਾਂ ਦਾ ਵਾਧਾ ਕਰ ਲਿਆ ਗਿਆ ਹੈ।

ਇਹਨਾਂ ਅੱਖਰਾਂ ਤੋਂ ਬਿਨਾਂ ਗੁਰਮੁਖੀ ਲਿਪੀ ਵਿੱਚ ਲਗਾਂ-ਮਾਤਰਾਂ ਵੀ ਹਨ :

"ਅ, ਆ, ਇ, ਈ, ਉ, ਊ, ਓ, ਐ, ਔ, ਅੰ, ਆਂ" ਲਗਾਂ ਮਾਤਰਾਂ ਵਾਲ਼ੇ ਇਹਨਾਂ ਅੱਖਰਾਂ ਨੂੰ 'ਮੁਹਾਰਨੀ' ਵੀ ਕਿਹਾ ਜਾਂਦਾ ਹੈ।

ਵਰਨਾਂ ਤੇ ਲਗਾਂ-ਮਾਤਰਾਂ ਤੋਂ ਬਿਨਾਂ ਗੁਰਮੁਖੀ ਦੀ ਲਿਖਾਵਟ ਵਿੱਚ ਅਧਕ ਦਾ ਚਿੰਨ੍ਹ ( ੱ ) ਵੀ ਹੈ ਜੋ ਪੰਜਾਬੀ ਦੀ ਖ਼ਾਸ ਵਿਸ਼ੇਸ਼ਤਾ ਹੈ। ਇਸ ਤਰ੍ਹਾਂ ਗੁਰਮੁਖੀ ਲਿਪੀ ਦੇ ਤਿੰਨ ਪੱਧਰ ਹਨ।

1. ਵਰਨ
2. ਲਗਾਂ-ਮਾਤਰਾਂ
3. ਅਧਕ ਚਿੰਨ੍ਹ

ਲਗਾਂ-ਮਾਤਰਾਂ ਦੇ ਜੋ ਬਾਰਾਂ ਅੱਖਰ-ਚਿੰਨ੍ਹ ਮੁਹਾਰਨੀ ਵਿੱਚ ਰੱਖੇ ਗਏ ਹਨ, ਉਹ ਸਾਰੇ ੳ ਅ ੲ ਇਹਨਾਂ ਤਿੰਨਾਂ ਚਿੰਨ੍ਹਾਂ ਨੇ ਹੀ ਸਮੇਟ ਲਏ ਹਨ। ਇਹ ਤਿੰਨੇ ਲਗਾਂ-ਮਾਤਰਾਂ ਦੇ ਵਾਹਕ ਚਿੰਨ੍ਹ ਹਨ। ਸਾਰੀਆਂ ਲਗਾਂ-ਮਾਤਰਾਂ ਇਹਨਾਂ ਤਿੰਨਾਂ ਚਿੰਨ੍ਹਾਂ ਨਾਲ਼ ਹੀ ਚਿੰਨ੍ਹਿਤ ਕਰ ਦਿੱਤੀਆਂ ਗਈਆਂ ਹਨ। ਜਿੱਥੋਂ ਤੱਕ ਗੁਰਮੁਖੀ ਦੇ ਲਿਪੀ-ਪ੍ਰਕਾਰ ਦਾ ਸੰਬੰਧ ਹੈ, ਅੱਜ ਦੀਆਂ ਲਿਪੀ-ਵਿਗਿਆਨਿਕ ਖੋਜਾਂ ਇਸ ਸਿੱਟੇ 'ਤੇ ਪਹੁੰਚਦੀਆਂ ਹਨ ਕਿ ਗੁਰਮੁਖੀ ਉੱਚਾਰਖੰਡੀ ਲਿਪੀ ਦੀ ਵੰਨਗੀ ਹੈ। ਇਸ ਦਾ ਲੱਛਣ ਇਹ ਹੈ ਗੁਰਮੁਖੀ ਦੇ ਕ,ਖ,ਗ, ਆਦਿ ਸਾਰੇ ਲਿਪੀ-ਚਿੰਨ੍ਹ ਅਸਲ ਵਿੱਚ ਕ + ਅ, ਖ + ਅ, ਗ + ਅ ਦੇ ਦੋ ਧੁਨੀਆਂ ਨੂੰ ਪ੍ਰਗਟ ਕਰਦੇ ਹਨ,

Downloaded from https:// www.studiestoday.com

Downloaded from https:// www.studiestoday.com



ਇਕਹਿਰੀਆਂ ਵਿਅੰਜਨ ਧੁਨੀਆਂ ਨੂੰ ਪ੍ਰਗਟ ਨਹੀਂ ਕਰਦੇ। ਦੋ-ਦੋ ਧੁਨੀਆਂ (ਵਿਅੰਜਨ ਤੇ ਸ੍ਵਰ) ਦੇ ਜੁੱਟਾਂ ਲਈ ਇੱਕ ਇੱਕ ਲਿਪੀ-ਚਿੰਨ੍ਹ ਨੂੰ ਹੀ ਉਚਾਰ-ਖੰਡ ਜਾਂ ਸਿਲੇਬਲ ਕਿਹਾ ਜਾਂਦਾ ਹੈ। ਉਚਾਰ-ਖੰਡਾਂ ਨੂੰ ਪ੍ਰਗਟ ਕਰਨ ਵਾਲ਼ੇ ਲਿਪੀ-ਚਿੰਨ੍ਹਾਂ ’ਤੇ ਆਧਾਰਿਤ ਹੋਣ ਕਰਕੇ ਗੁਰਮੁਖੀ ਲਿਪੀ ਇੱਕ ਉਚਾਰ-ਖੰਡੀ ਲਿਪੀ ਹੈ।

## ਉਚਾਰਨ ਤੇ ਅੱਖਰਾਂ ਦੇ ਨਾਂ

ਗੁਰਮੁਖੀ ਦੇ ਜਿੰਨੇ ਵੀ ਅੱਖਰ-ਚਿੰਨ੍ਹ ਹਨ ਉਹਨਾਂ ਦੇ ਵੱਖ-ਵੱਖ ਨਾਂ ਵੀ ਰੱਖੇ ਗਏ ਹਨ। ਨਾਂ ਰੱਖਣ ਦੀ ਰੀਤ ਅਨੁਸਾਰ ਉਸੇ ਵਰਨ ਨੂੰ ਦੂਹਰਾ ਕਰਕੇ ਨਾਂ ਰੱਖ ਲਿਆ ਗਿਆ ਹੈ, ਜਿਵੇਂ ਸ ਦਾ ਨਾਂ ਸੱਸਾ, ਕ ਦਾ ਨਾਂ ਕੱਕਾ ਪਰ ਕਈ ਥਾਂ ੜ ਜੋੜਿਆ ਹੈ ਜਿਵੇਂ ਊੜਾ, ਆੜਾ, ਈੜੀ। ਕਈ ਆੜਾ ਨੂੰ ਐੜਾ ਜਾਂ ਆਇਆ ਵੀ ਬੋਲਦੇ ਹਨ। ਲਗਾਂ-ਮਾਤਰਾਂ ਦੇ ਨਾਮਕਰਨ ਵਿੱਚ ਇਹ ਰੀਤ ਨਹੀਂ ਅਪਣਾਈ ਗਈ। ਉਹਨਾਂ ਦੇ ਨਾਂ ਕਾਰਜਾਂ ਨੂੰ ਮੁੱਖ ਰੱਖ ਕੇ ਰੱਖੇ ਗਏ ਹਨ-

ਮੁਕਤਾ, ਸਿਹਾਰੀ, ਬਿਹਾਰੀ, ਔਂਕੜ, ਦੁਲੈਂਕੜ, ਲਾਂ, ਦੁਲਾਵਾਂ, ਹੋੜਾ, ਕਨੌੜਾ, ਟਿੱਪੀ, ਬਿੰਦੀ ਅਤੇ ਅਧਕ।

## ਪੰਜਾਬੀ ਭਾਸ਼ਾ ਤੇ ਗੁਰਮੁਖੀ

ਪੰਜਾਬੀ ਭਾਸ਼ਾ ਤੇ ਗੁਰਮੁਖੀ ਦਾ ਬਹੁਤ ਗੂੜ੍ਹਾ ਸੰਬੰਧ ਹੈ। ਪੰਜਾਬੀ ਭਾਸ਼ਾ ਨੂੰ ਲਿਖਣ ਲਈ ਹੀ ਗੁਰਮੁਖੀ ਦਾ ਜਨਮ ਹੋਇਆ ਹੈ ਅਤੇ ਪੰਜਾਬੀ ਨੂੰ ਛੱਡ ਕੇ ਗੁਰਮੁਖੀ ਲਿਪੀ ਕਿਸੇ ਹੋਰ ਭਾਸ਼ਾ ਨੂੰ ਲਿਖਣ ਲਈ ਰਾਖਵੀਂ ਨਹੀਂ ਹੈ। ਪੰਜਾਬੀ ਭਾਸ਼ਾ ਦੀਆਂ ਸਾਰਥਕ ਧੁਨੀਆਂ ਨੂੰ ਅੱਖਰਾਂ ਵਿੱਚ ਚਿੰਨ੍ਹਤ ਕਰਨ ਦਾ ਜੋ ਲਿਖਣ-ਪ੍ਰਬੰਧ ਉਸਰਿਆ ਹੈ, ਉਹ ਗੁਰਮੁਖੀ ਲਿਪੀ ਹੈ। ਗੁਰਮੁਖੀ ਦੇ ਸਾਰੇ ਅੱਖਰ ਪੰਜਾਬੀ ਦੀਆਂ ਸਾਰੀਆਂ ਧੁਨੀਆਂ ਨੂੰ ਪ੍ਰਗਟਾਉਣ ਵਾਲ਼ੇ ਹਨ। ਅੱਖਰਾਂ ਨੂੰ “ਵਰਨ” ਵੀ ਕਿਹਾ ਜਾਂਦਾ ਹੈ ਅਤੇ ਵਰਨਾਂ ਦੀ ਤਰਤੀਬ ਨੂੰ ਵਰਨ-ਮਾਲਾ ਕਿਹਾ ਜਾਂਦਾ ਹੈ। ਗੁਰਮੁਖੀ ਲਿਪੀ ਦੇ ਅੱਖਰ ਜਦੋਂ ਇੱਕ ਤਰਤੀਬ ਵਿੱਚ ਵਿਓਂਤੇ ਜਾਂਦੇ ਹਨ ਤਾਂ ਉਹਨਾਂ ਨੂੰ ਗੁਰਮੁਖੀ ਵਰਨ-ਮਾਲਾ ਕਿਹਾ ਜਾਂਦਾ ਹੈ। ਆਮ ਤੌਰ ’ਤੇ ਗੁਰਮੁਖੀ ਵਰਨ-ਮਾਲਾ ਨੂੰ “ਪੈਂਤੀ” ਕਹਿਣ ਦਾ ਰਿਵਾਜ ਹੈ ਕਿਉਂਕਿ ਪਹਿਲਾਂ ਗੁਰਮੁਖੀ ਵਰਨ-ਮਾਲਾ ਵਿੱਚ 35 (ਪੈਂਤੀ) ਅੱਖਰ ਹੀ ਸਨ। ਇਹ ਸਿਰਫ਼ ਪੰਜਾਬੀ ਸੱਭਿਆਚਾਰ ਦੀ ਹੀ ਰੀਤ ਹੈ ਕਿ ਗਿਣਤੀਵਾਚਕ ਸ਼ਬਦ ਲਿਪੀਵਾਚਕ ਬਣ ਨਿਬੜੇ ਹਨ।

ਪੰਜਾਬੀ ਭਾਸ਼ਾ ਤੇ ਗੁਰਮੁਖੀ ਲਿਪੀ ਦੇ ਸੰਬੰਧ ਵਿੱਚ ਇਹ ਉਲੇਖਯੋਗ ਹੈ ਕਿ ਪੰਜਾਬੀ ਤੇ ਗੁਰਮੁਖੀ ਦਾ ਰਿਸ਼ਤਾ ਚਿਰੋਕਣਾ ਹੈ। ਗੁਰਮੁਖੀ ਪੰਜਾਬੀ ਦੀ ਵਿਰਾਸਤ ਹੈ, ਇਹ ਪੰਜਾਬ ਦੀ ਜੱਦੀ ਪੈਦਾਵਾਰ ਹੈ, ਗੁਰਮੁਖੀ ਮਾਂਗਵੀਂ ਜਾਂ ਬਾਹਰੋਂ ਠੋਸੀ ਹੋਈ ਨਹੀਂ ਹੈ, ਇਹ ਤਾਂ ਸੁਦੇਸ਼ੀ ਪੰਜਾਬੀ ਬੋਲੀ ਨਾਲ਼ ਪਰਨਾਈ ਹੋਈ ਹੈ। ਇਹਨਾਂ

Downloaded from https:// www.studiestoday.com

Downloaded from https:// www.studiestoday.com



ਦੋਹਾਂ ਦਾ ਰਿਸ਼ਤਾ ਮੁੱਢ-ਕਦੀਮ ਦਾ ਹੈ।

ਆਧੁਨਿਕ ਖੋਜਾਂ ਤੋਂ ਇੱਕ ਗੱਲ ਉੱਭਰ ਕੇ ਸਾਹਮਣੇ ਆਈ ਹੈ ਕਿ ਪੰਜਾਬੀ ਟੋਨ ਵਾਲ਼ੀ (ਸੁਰਾਤਮਿਕ) ਭਾਸ਼ਾ ਹੈ ਕਿਉਂਕਿ ਟੋਨ ਕਰਕੇ ਅਰਥਾਂ ਵਿੱਚ ਫਰਕ ਆ ਜਾਂਦਾ ਹੈ। ਪਰ ਗੁਰਮੁਖੀ ਵਰਨ-ਮਾਲਾ ਵਿੱਚ ਟੋਨ ਨੂੰ ਲਿਖਣ ਵਾਸਤੇ ਕੋਈ ਵੱਖਰਾ ਲਿਪੀ-ਚਿੰਨ੍ਹ ਨਹੀਂ ਹੈ। ਉਂਞ ਰਵਾਇਤੀ ਤੌਰ 'ਤੇ ਪੰਜਾਬੀ ਬੁਲਾਰੇ ਟੋਨ ਦਾ ਉਚਾਰਨ ਕਰਦੇ ਆ ਰਹੇ ਹਨ। ਕੰਨ੍ਹਾ, ਜਿਨ੍ਹਾਂ, ਚਿੰਨ੍ਹ, ਆਦਿ ਸ਼ਬਦਾਂ ਦੇ ਨੰਨੇ ਦੇ ਪੈਰੀਂ ਜਿਹੜਾ ਛੋਟਾ ਜਿਹਾ ਹਾਹਾ, ਅੱਖਰ ਪਾਇਆ ਹੋਇਆ ਹੈ ਇਹ ਟੋਨ ਦਾ ਹੀ ਰਵਾਇਤੀ ਸੰਕੇਤ ਹੈ ਇਸੇ ਤਰ੍ਹਾਂ ਘ, ਝ, ਢ, ਧ, ਭ ਇਹ ਪੰਜ ਅੱਖਰ ਵੀ ਪੰਜਾਬੀ ਦੀਆਂ ਟੋਨ ਵਾਲ਼ੀਆਂ ਧੁਨੀਆਂ ਨੂੰ ਪ੍ਰਗਟ ਕਰਦੇ ਹਨ।

## ਗੁਰਮੁਖੀ ਲਿਪੀ ਤੇ ਹੋਰ ਲਿਪੀਆਂ

ਪੰਜਾਬੀ ਭਾਸ਼ਾ ਨੂੰ ਲਿਖਣ ਲਈ ਦੋ ਲਿਪੀਆਂ ਦਾਅਵੇਦਾਰ ਹਨ। ਇੱਕ ਹੈ ਗੁਰਮੁਖੀ ਲਿਪੀ ਜਿਸ ਦੀ ਵਰਤੋਂ ਭਾਰਤੀ ਪੰਜਾਬੀ ਨੂੰ ਲਿਖਣ ਵਾਸਤੇ ਕੀਤੀ ਜਾ ਰਹੀ ਹੈ ਅਤੇ ਦੂਜੀ ਹੈ ਫ਼ਾਰਸੀ-ਉਰਦੂ ਲਿਪੀ ਜਿਸ ਨੂੰ ਪਾਕਿਸਤਾਨ ਵਿੱਚ ਪੰਜਾਬੀ ਲਿਖਣ ਵਾਸਤੇ ਵਰਤੋਂ ਵਿੱਚ ਲਿਆਂਦਾ ਜਾ ਰਿਹਾ ਹੈ। ਗੁਰਮੁਖੀ ਲਿਪੀ ਤਾਂ ਪੰਜਾਬ ਦੀ ਧਰਤੀ ਦੀ ਉਪਜ ਹੈ, ਇਹ ਕਿਸੇ ਬਾਹਰਲੇ ਦੇਸ ਤੋਂ ਮਾਂਗਵੀਂ ਨਹੀਂ ਲਿਆਂਦੀ ਗਈ ਪਰ ਫ਼ਾਰਸੀ-ਉਰਦੂ ਲਿਪੀ ਬਾਹਰਲੇ ਦੇਸ ਦੀ ਹੀਬਰੂ ਲਿਪੀ ਤੋਂ ਅਰਬੀ ਲਿਪੀ ਰਾਹੀਂ ਫ਼ਾਰਸੀ, ਉਰਦੂ ਲਿਖਣ ਲਈ ਲਿਆਂਦੀ ਗਈ ਹੈ। ਨਾਲ਼ੇ ਗੁਰਮੁਖੀ ਲਿਪੀ ਸਿਰਫ਼ ਪੰਜਾਬੀ ਭਾਸ਼ਾ ਲਿਖਣ ਲਈ ਹੀ ਰਾਖਵੀਂ ਹੈ ਪਰ ਫ਼ਾਰਸੀ ਉਰਦੂ ਲਿਪੀ ਨੂੰ ਇੱਕ ਤੋਂ ਵੱਧ ਜ਼ੁਬਾਨਾਂ ਲਈ ਵਰਤਣ ਦਾ ਜਤਨ ਕੀਤਾ ਜਾਂਦਾ ਹੈ। ਇਹ ਇੱਕ ਵਿਗਿਆਨਿਕ ਸਚਾਈ ਹੈ ਕਿ ਹਰ ਜ਼ੁਬਾਨ ਦੀਆਂ ਆਪਣੀਆਂ ਵਿਲੱਖਣ ਤੇ ਨਿਵੇਕਲ਼ੀਆਂ ਧੁਨੀਆਂ ਹੁੰਦੀਆਂ ਹਨ। ਅਰਬੀ ਦੀਆਂ ਧੁਨੀਆਂ ਹੋਰ ਹਨ, ਫ਼ਾਰਸੀ ਦੀਆਂ ਹੋਰ ਹਨ ਅਤੇ ਪੰਜਾਬੀ ਦੀਆਂ ਧੁਨੀਆਂ ਹੋਰ ਹਨ। ਇਹਨਾਂ ਸਾਰੀਆਂ ਬਹੁਭਾਸ਼ਿਕ ਧੁਨੀਆਂ ਨੂੰ ਇੱਕੋ ਲਿਪੀ ਸਹੀ ਤੌਰ 'ਤੇ ਪ੍ਰਗਟ ਨਹੀਂ ਕਰ ਸਕਦੀ। ਇਸ ਤੋਂ ਬਿਨਾਂ ਫ਼ਾਰਸੀ-ਉਰਦੂ ਲਿਪੀ ਵਿੱਚ ਪੰਜਾਬੀ ਦੀਆਂ ਣ, ੜ, ਲ਼ ਧੁਨੀਆਂ ਲਿਖਣ ਵਾਸਤੇ ਅੱਖਰ (ਹਰੂਫ਼) ਹੀ ਨਹੀਂ ਹਨ ਅਤੇ ਫ਼ਾਰਸੀ-ਉਰਦੂ ਲਿਪੀ ਵਿੱਚ ਕਈ ਅੱਖ਼ਰ ਵਾਧੂ ਹਨ, ਜਿਨ੍ਹਾਂ ਦੇ ਬਰਾਬਰ ਦੀਆਂ ਪੰਜਾਬੀ ਵਿੱਚ ਧੁਨੀਆਂ ਹੀ ਨਹੀਂ ਹਨ। ਇਸ ਲਈ ਇਹ ਅੱਖਰ ਵਾਧੂ ਤੇ ਬੇਲੋੜੇ ਹਨ। ਏਥੇ ਥਾਂ ਨਹੀਂ ਕਿ ਇਸ ਸਮੱਸਿਆ ਦੀ ਹੋਰ ਚਰਚਾ ਕੀਤੀ ਜਾਵੇ। ਇਸ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਪੰਜਾਬੀ ਲਿਖਣ ਵਾਸਤੇ ਗੁਰਮੁਖੀ ਲਿਪੀ ਹੀ ਸੁਯੋਗ ਤੇ ਸਮਰੱਥ ਲਿਪੀ ਹੈ।

**ਔਖੇ ਸ਼ਬਦਾਂ ਦੇ ਅਰਥ :**

Downloaded from https:// www.studiestoday.com

Downloaded from https:// www.studiestoday.com



ਸ੍ਰੇਸ਼ਟ—ਉੱਤਮ। ਚਿਰੋਕਣਾ—ਬਹੁਤ ਚਿਰ ਤੋਂ। ਆਪਹੁਦਰਾ—ਮਨਮਰਜ਼ੀ ਕਰਨ ਵਾਲ਼ਾ। ਸੱਭਿਅਤਾ—ਤਹਿਜ਼ੀਬ। ਪ੍ਰਾਚੀਨ—ਪੁਰਾਣਾ। ਸੂਝ—ਸਮਝ। ਉਪਰਾਲ਼ਾ—ਉੱਦਮ। ਆਦਿਮ—ਪਹਿਲਾ। ਕੰਦਰਾਂ—ਗੁਫਾਵਾਂ, ਗੁਪਤ ਥਾਂ। ਪ੍ਰਮਾਣਿਤ—ਮੰਨੀ ਹੋਈ ਸਚਾਈ। ਉਪਲਬਧ—ਪ੍ਰਾਪਤ, ਹਾਸਲ। ਅਭਿਲੇਖ—ਪੁਰਾਣੇ ਪੱਥਰ ਉੱਤੇ ਲਿਖੇ ਲੇਖ। ਉਸਤਿਤ—ਵਡਿਆਈ। ਸ੍ਰੋਤ—ਸੋਮਾ। ਪ੍ਰਚਲਨ—ਪ੍ਰਚਲਿਤ ਹੋਣਾ। ਨਾਮਕਰਨ—ਨਾਮ ਰੱਖਣਾ। ਭ੍ਰਮਿਕ—ਭਰਮ ਵਾਲ਼ੀ। ਸ਼ਿਲਾ ਲੇਖ—ਪੱਥਰ 'ਤੇ ਉੱਕਰੀ ਲਿਖਤ।

## ਅਭਿਆਸ

1. ਲਿਪੀ ਤੋਂ ਕੀ ਭਾਵ ਹੈ? ਇਸ ਦੇ ਮਹੱਤਵ ਬਾਰੇ ਚਾਨਣਾ ਪਾਓ।
2. ਲਿਪੀ ਦੇ ਇਤਿਹਾਸ ਬਾਰੇ ਤੁਸੀਂ ਕੀ ਜਾਣਦੇ ਹੋ? ਚਰਚਾ ਕਰੋ।
3. ਗੁਰਮੁਖੀ ਲਿਪੀ ਦੇ ਨਿਕਾਸ ਤੇ ਵਿਕਾਸ ਬਾਰੇ ਸੰਖੇਪ ਜਾਣਕਾਰੀ ਦਿਓ।
4. ਗੁਰਮੁਖੀ ਲਿਪੀ ਪੰਜਾਬੀ ਭਾਸ਼ਾ ਲਿਖਣ ਲਈ ਕਿਥੋਂ ਤੱਕ ਢੁਕਵੀਂ ਹੈ? ਸੰਖੇਪ ਵਿੱਚ ਦਲੀਲਾਂ ਦਿਓ।
5. ਗੁਰਮੁਖੀ ਲਿਪੀ ਦਾ ਇਹ ਨਾਂ ਕਿਵੇਂ ਪਿਆ? ਸੰਖੇਪ ਕਰਕੇ ਲਿਖੋ।
6. ਗੁਰਮੁਖੀ ਦੀ ਸਾਰੀ ਵਰਨ-ਮਾਲਾ ਨੂੰ ਤਰਤੀਬ ਵਿੱਚ ਲਿਖ ਕੇ ਇਸ ਦਾ ਮਹੱਤਵ ਸੰਖੇਪ ਵਿੱਚ ਵਰਣਨ ਕਰੋ।
7. 'ਗੁਰਮੁਖੀ ਇੱਕ ਪੁਰਾਣੀ ਲਿਪੀ ਹੈ', ਇਸ ਕਥਨ ਨੂੰ ਸਮਝਾਓ।
8. ਕੀ ਗੁਰਮੁਖੀ ਲਿਪੀ ਨੂੰ ਗੁਰੂ ਸਾਹਿਬਾਨ ਨੇ ਬਣਾਇਆ ਹੈ? ਚਰਚਾ ਕਰੋ।
9. ਗੁਰਮੁਖੀ ਲਿਪੀ ਤੇ ਪੰਜਾਬੀ ਭਾਸ਼ਾ ਦਾ ਆਪਸੀ ਰਿਸ਼ਤਾ ਕਿਹੋ ਜਿਹਾ ਹੈ? ਵਰਣਨ ਕਰੋ।
10. ਗੁਰਮੁਖੀ ਲਿਪੀ ਬਾਰੇ ਸੰਖੇਪ ਜਾਣਕਾਰੀ ਦਿਓ।

Downloaded from https:// www.studiestoday.com

Downloaded from https:// www.studiestoday.com

**ਸ਼੍ਰੇਣੀ—ਗਿਆਰ੍ਹਵੀਂ**

**ਪੰਜਾਬੀ (ਚੋਣਵਾਂ ਵਿਸ਼ਾ)**

## ਪਾਠ-ਕ੍ਰਮ ਅਤੇ ਅੰਕ-ਵੰਡ

**ਲਿਖਤੀ ਪੇਪਰ : 70 ਅੰਕ**

**ਆਂਤਰਿਕ ਮੁਲਾਂਕਣ : 30 ਅੰਕ**

**ਸਮਾਂ : 3 ਘੰਟੇ** **ਕੁੱਲ : 100 ਅੰਕ**

| ਲੜੀ ਨੰ: | ਪਾਠ-ਕ੍ਰਮ | ਅੰਕ |
|---|---|---|
| 1 | ਪੰਜਾਬੀ-ਕਾਵਿ : | |
| | ਆਧੁਨਿਕ ਪੰਜਾਬੀ ਕਾਵਿ (ਝਲਕਾਂ ਤੇ ਇਤਿਹਾਸ) | 39 |
| 2 | ਪੰਜਾਬੀ ਵਾਰਤਕ : ਸਫ਼ਰਨਾਮਾ ਅੰਸ਼ | 27 |
| 3 | ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ | 12 |
| 4 | ਪੰਜਾਬੀ ਦੀਆਂ ਉਪਭਾਸ਼ਾਵਾਂ ਦੀ ਸ਼ਬਦਾਵਲੀ | 12 |
| | ਕੁੱਲ ਅੰਕ | 90 |

## ਪ੍ਰਸ਼ਨ-ਪੱਤਰ ਦੀ ਰੂਪ-ਰੇਖਾ

### ਅਧਿਆਪਕਾਂ, ਵਿਦਿਆਰਥੀਆਂ, ਪੇਪਰ ਸੈੱਟਰਾਂ ਅਤੇ ਪਰੀਖਿਅਕਾਂ ਲਈ ਵਿਸ਼ੇਸ਼ ਹਿਦਾਇਤਾਂ

ਪ੍ਰਸ਼ਨ ਨੰ. 1 ਸਮੁੱਚੇ ਪਾਠ-ਕ੍ਰਮ ਦੇ ਅਧਾਰ 'ਤੇ 10 ਅੰਕਾਂ ਦੇ ਵਸਤੂਨਿਸ਼ਠ ਪ੍ਰਸ਼ਨ ਪੁੱਛੇ ਜਾਣਗੇ। ਇਹ ਪ੍ਰਸ਼ਨ ਬਹੁ-ਚੋਣ, ਠੀਕ/ਗ਼ਲਤ, ਖ਼ਾਲੀ ਥਾਂਵਾਂ ਜਾਂ ਇੱਕ-ਦੋ ਸ਼ਬਦਾਂ 'ਚ ਉੱਤਰ ਦੇਣ ਵਾਲ਼ੇ ਹੋਣਗੇ। ਅੰਕਾਂ ਦੀ ਵੰਡ ਹੇਠ ਲਿਖੇ ਅਨੁਸਾਰ ਹੋਵੇਗੀ :-

**ਆਧੁਨਿਕ ਪੰਜਾਬੀ ਕਾਵਿ (ਝਲਕਾਂ ਤੇ ਇਤਿਹਾਸ) ਭਾਗ-I**

(ੳ) ਆਧੁਨਿਕ-ਕਾਵਿ : 4 ਅੰਕ (ਦੋ ਪ੍ਰਸ਼ਨ ਰਚਨਾ ਦਾ ਜਾਂ ਕਵੀ ਦੀ ਰਚਨਾ ਨਾਲ਼ ਸੰਬੰਧਿਤ, ਦੋ ਪ੍ਰਸ਼ਨ ਪਾਠ ਸਮਗਰੀ 'ਤੇ ਆਧਾਰਿਤ ਹੋਣਗੇ।)



Downloaded from https:// www.studiestoday.com

Downloaded from https:// www.studiestoday.com



(ਅ) ਅੱਖੀਂ ਡਿੱਠੀ-ਦੁਨੀਆਂ : 2 ਅੰਕ (ਇੱਕ ਪ੍ਰਸ਼ਨ ਸਫ਼ਰਨਾਮਾ ਅੰਸ਼ ਦੇ ਲੇਖਕ/ਲੇਖਕ ਰਚਿਤ ਸਫ਼ਰਨਾਮਾ ਅੰਸ਼ ਨਾਲ਼ ਸੰਬੰਧਿਤ, ਦੂਜਾ ਪ੍ਰਸ਼ਨ ਸਫ਼ਰਨਾਮਾ ਅੰਸ਼ਾਂ ਦੀ ਪਾਠ ਸਮਗਰੀ 'ਤੇ ਅਧਾਰਿਤ ਹੋਵੇਗਾ।

(ੲ) ਪੰਜਾਬੀ ਭਾਸ਼ਾ-ਬੋਧ : 4 ਅੰਕ

- ਇੱਕ ਪ੍ਰਸ਼ਨ ਭਾਸ਼ਾ ਦੀ ਬਣਤਰ/ਵਿਸ਼ੇਸ਼ਤਾਵਾਂ/ਮਹੱਤਵ ਨਾਲ਼ ਸੰਬੰਧਿਤ
- ਇੱਕ ਪ੍ਰਸ਼ਨ ਗੁਰਮੁੱਖੀ ਲਿਪੀ ਨਾਲ਼ ਸੰਬੰਧਿਤ
- ਦੋ ਪ੍ਰਸ਼ਨ ਉਪਭਾਸ਼ਾਈ ਸ਼ਬਦਾਵਲੀ ਨਾਲ਼ ਸੰਬੰਧਿਤ ਹੋਣਗੇ। 10×1=10

ਪ੍ਰਸ਼ਨ ਨੰ. 2 ਆਧੁਨਿਕ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ) ਪਾਠ-ਪੁਸਤਕ ਦੇ ਆਧੁਨਿਕ-ਕਾਵਿ 'ਚੋਂ ਚਾਰ ਬੰਦ ਦੇ ਕੇ ਕਿਸੇ ਦੋ ਦੀ ਪ੍ਰਸੰਗ ਸਹਿਤ ਵਿਆਖਿਆ ਕਰਨ ਲਈ ਕਿਹਾ ਜਾਵੇਗਾ। 7+7=14

ਪ੍ਰਸ਼ਨ ਨੰ. 3 ਆਧੁਨਿਕ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ) ਪਾਠ-ਪੁਸਤਕ ਵਿੱਚੋਂ ਕੋਈ ਦੋ ਰਚਨਾਵਾਂ ਦਾ ਸਿਰਲੇਖ ਦੇ ਕੇ ਕਿਸੇ ਇੱਕ ਦਾ ਕੇਂਦਰੀ ਭਾਵ ਲਿਖਣ ਲਈ ਕਿਹਾ ਜਾਵੇਗਾ। 6 ਅੰਕ

ਪ੍ਰਸ਼ਨ ਨੰ. 4 ਆਧੁਨਿਕ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ) ਪਾਠ-ਪੁਸਤਕ ਦੇ 'ਪੰਜਾਬੀ ਕਵਿਤਾ ਦਾ ਸੰਖੇਪ ਇਤਿਹਾਸ' ਭਾਗ ਵਿੱਚੋਂ ਕੋਈ ਦੋ ਪ੍ਰਸ਼ਨ ਦੇ ਕੇ ਕਿਸੇ ਇੱਕ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ।

15 ਅੰਕ

ਪ੍ਰਸ਼ਨ ਨੰ. 5 ਅੱਖੀਂ-ਡਿੱਠੀ ਦੁਨੀਆਂ ਪਾਠ-ਪੁਸਤਕ ਵਿੱਚੋਂ ਛੋਟੇ ਉੱਤਰਾਂ ਵਾਲ਼ੇ ਤਿੰਨ ਪ੍ਰਸ਼ਨ ਪੁੱਛ ਕੇ ਕਿਸੇ ਦੋ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ। 5+5=10 ਅੰਕ

ਪ੍ਰਸ਼ਨ ਨੰ. 6 ਅੱਖੀਂ-ਡਿੱਠੀ ਦੁਨੀਆਂ ਵਿੱਚੋਂ ਦੋ ਸਫ਼ਰਨਾਮਾ-ਅੰਸ਼ ਦੇ ਕੇ ਕਿਸੇ ਇੱਕ ਦਾ ਸਾਰ ਲਿਖਣ ਲਈ ਕਿਹਾ ਜਾਵੇਗਾ। 10 ਅੰਕ

ਪ੍ਰਸ਼ਨ ਨੰ. 7 ਪੰਜਾਬੀ ਭਾਸ਼ਾ-ਬੋਧ ਪਾਠ-ਪੁਸਤਕ 'ਤੇ ਆਧਾਰਿਤ, ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਨਾਲ਼ ਸੰਬੰਧਿਤ ਚਾਰ ਪ੍ਰਸ਼ਨ ਪੁੱਛ ਕੇ ਕਿਸੇ ਦੋ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ। 5+5=10 ਅੰਕ

ਪ੍ਰਸ਼ਨ ਨੰ. 8 ਪੰਜਾਬੀ ਭਾਸ਼ਾ-ਬੋਧ ਪਾਠ-ਪੁਸਤਕ 'ਚ ਦਿੱਤੀਆਂ ਪੰਜਾਬੀ ਦੀਆਂ ਉਪਭਾਸ਼ਾਵਾਂ ਦੀ ਸ਼ਬਦਾਵਲੀ 'ਤੇ ਆਧਾਰਿਤ ਹੇਠ ਲਿਖੇ ਅਨੁਸਾਰ ਪ੍ਰਸ਼ਨ ਪੁੱਛੇ ਜਾਣਗੇ।

Downloaded from https:// www.studiestoday.com

Downloaded from https:// www.studiestoday.com

(ੳ) ਛੇ ਉਪਭਾਸ਼ਾਈ ਸ਼ਬਦ ਦੇ ਕੇ ਉਹਨਾਂ 'ਚੋਂ ਕਿਸੇ ਚਾਰ ਦੇ ਟਕਸਾਲੀ ਪੰਜਾਬੀ ਵਿੱਚ ਰੂਪਾਂਤਰ ਪੁੱਛੇ ਜਾਣਗੇ।

(ਅ) ਛੇ ਟਕਸਾਲੀ ਪੰਜਾਬੀ ਦੇ ਸ਼ਬਦ ਦੇ ਕੇ ਕਿਸੇ ਚਾਰ ਦਾ ਉਪਭਾਸ਼ਾ ਵਿੱਚ ਮਿਲ਼ਦਾ ਰੂਪ ਪੁੱਛਿਆ ਜਾਵੇਗਾ।

5+5=10 ਅੰਕ

**ਨਿਰਧਾਰਿਤ ਪਾਠ-ਪੁਸਤਕਾਂ :**

1. ਆਧੁਨਿਕ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ)
2. ਅੱਖੀਂ-ਡਿੱਠੀ ਦੁਨੀਆਂ
3. ਪੰਜਾਬੀ ਭਾਸ਼ਾ-ਬੋਧ

ਪ੍ਰਕਾਸ਼ਕ : ਪੰਜਾਬ ਸਕੂਲ ਸਿੱਖਿਆ ਬੋਰਡ।



Downloaded from https:// www.studiestoday.com

Downloaded from https:// www.studiestoday.com



# ਨਮੂਨੇ ਦਾ ਪ੍ਰਸ਼ਨ-ਪੱਤਰ

## ਸ਼੍ਰੇਣੀ—ਗਿਆਰ੍ਹਵੀਂ

## ਪੰਜਾਬੀ (ਚੋਣਵਾਂ ਵਿਸ਼ਾ)

**ਸਮਾਂ : 3 ਘੰਟੇ** **ਲਿਖਤੀ ਪੇਪਰ : 90 ਅੰਕ**
**ਆਂਤਰਿਕ ਮੁਲਾਂਕਣ : 10 ਅੰਕ**
**ਕੁੱਲ : 100 ਅੰਕ**

1. **ਵਸਤੂਨਿਸ਼ਠ ਪ੍ਰਸ਼ਨ :**
ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਉ :
(ੳ) 'ਪਿੰਜਰੇ ਪਿਆ ਪੰਛੀ' ਕਵਿਤਾ ਵਿੱਚ ਜ਼ਾਲਮ ਕਿਸ ਨੂੰ ਕਿਹਾ ਗਿਆ ਹੈ?
(ਅ) 'ਮਿਲੇ ਮਾਣ ਪੰਜਾਬੀ ਨੂੰ' ਕਵਿਤਾ ........... ਦੀ ਲਿਖੀ ਹੋਈ ਹੈ।
(ੲ) ਅੰਮ੍ਰਿਤਾ ਪ੍ਰੀਤਮ ਦੀ ਲਿਖੀ ਕਵਿਤਾ ਕਿਹੜੀ ਹੈ?
(ੳ) ਭਾਰੀਆਂ ਪੰਡਾਂ (ਅ) ਬਾਰਾਂਮਾਹ
(ੲ) ਸਿਪਾਹੀ ਦਾ ਦਿਲ (ਸ) ਆਰਤੀ।
(ਸ) 'ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ' ਕਵਿਤਾ ਅਨੁਸਾਰ ਕਿਹੜੇ ਹਰਫ਼ ਹਮੇਸ਼ਾ ਲਿਖੇ ਰਹਿਣਗੇ?
(ਹ) ਲੰਦਨ ਦੇ ਲੋਕਾਂ ਦਾ ਧਰਮ ਕੀ ਹੈ?
(ਕ) ਡਾ. ਹਰਦਿੱਤ ਸਿੰਘ ਢਿੱਲੋਂ ਦਾ ਲਿਖਿਆ ਸਫ਼ਰਨਾਮਾ-ਅੰਸ਼ ਕਿਹੜਾ ਹੈ?
(ਖ) ਪੰਜਾਬੀ-ਭਾਸ਼ਾ ਦੀ ਬਣਤਰ ਵਿੱਚ ਪਹਿਲੀ ਪਉੜੀ ਕਿਸ ਦੀ ਹੈ?
(ਗ) ਕਿਹੜੀ ਲਿਪੀ ਗੁਰਮੁਖੀ, ਨਾਗਰੀ ਆਦਿ ਸਾਰੀਆਂ ਭਾਰਤੀ ਲਿਪੀਆਂ ਦੀ ਜਨਮਦਾਤਾ ਹੈ?
(ਘ) ਖ਼ਾਲੀ ਥਾਂ ਭਰੋ :
ਟਕਸਾਲੀ ਪੰਜਾਬੀ ਦਾ ਅਧਾਰ ........... ਉਪਭਾਸ਼ਾ ਹੈ।
(ਙ) ਹੇਠ ਲਿਖਿਆ ਕਥਨ ਸਹੀ ਹੈ ਜਾਂ ਗ਼ਲਤ :
ਪੁਆਧੀ, ਰੋਪੜ ਜ਼ਿਲ੍ਹੇ ਵਿੱਚ ਨਹੀਂ ਬੋਲੀ ਜਾਂਦੀ। $10 \times 1 = 10$

2. **ਹੇਠ ਲਿਖੇ ਕਾਵਿ-ਟੋਟਿਆਂ ਵਿੱਚੋਂ ਕਿਸੇ ਦੋ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**
(ੳ) ਨਾਮ ਦੇ ਜਹਾਜ਼, ਪੰਥ ਖ਼ਾਲਸੇ ਦੀ ਜਿੰਦ ਜਾਨ,
ਗੁਰੂ ਰੂਪ ਗ੍ਰੰਥ ਕਰਾਂ ਜੱਸ ਕਿ ਬਿਆਨ ਤੇਰਾ।
ਲੋਕ-ਪਰਲੋਕ ਦਾ ਸਹਾਈ ਤੂੰਏ, ਜਾਪਨਾ ਏ,
ਧਰਮ ਉੱਤੇ ਅੰਗਿਆ ਏ ਗਿਆਨ ਅਸਮਾਨ ਤੇਰਾ।

Downloaded from https:// www.studiestoday.com

Downloaded from https:// www.studiestoday.com



(ਅ) ਫੁੱਲਾ ਵੇ ਫੁੱਲਾ
ਤੂੰ ਤਾਂ ਦੋ ਪਲ ਮਹਿਕ ਖਿੰਡਾ ਕੇ
ਹੱਸਣਾ ਤੇ ਤੁਰ ਜਾਣਾ,
ਰੂਪ, ਰੰਗ, ਰਸ ਧੁੱਪ ਤੋਂ ਲੈ ਕੇ,
ਧੁੱਪਾਂ ਵਿੱਚ ਖਰ ਜਾਣਾ।

(ੲ) ਜਿੱਥੇ ਬੰਦਾ ਜੰਮਦਾ ਸੀਰੀ ਹੈ
ਟਕਿਆਂ ਦੀ ਮੀਰੀ-ਪੀਰੀ ਹੈ
ਜਿੱਥੇ ਕਰਜ਼ੇ ਹੇਠ ਪੰਜੀਰੀ ਹੈ
ਬਾਪੂ ਦੇ ਕਰਜ਼ ਦਾ ਸੂਦ ਨੇ ਪੁੱਤ ਜੰਮਦੇ ਜੇਹੜੇ
ਤੂੰ ਮਘਦਾ ਰਈਂ ਵੇ ਸੂਰਜਾ ਕੰਮੀਆਂ ਦੇ ਵੇਹੜੇ।

(ਸ) ਬੱਚੇ ਨੂੰ ਅਣਤੱਕੇ ਰਾਹਾਂ 'ਤੇ
ਤੁਰਨ ਤੋਂ ਵਰਜਣਾ ਵੀ ਜੁਰਮ ਹੈ
ਬੱਚੇ ਨੂੰ ਪੌੜੀਂ ਚੜ੍ਹਦਿਆਂ
ਅਗਲਾ ਡੰਡਾ ਚੜ੍ਹਨ ਤੋਂ ਰੋਕਣਾ, ਡਰਾਉਣਾ
ਜੁਰਮ ਹੈ। 7+7=14 ਅੰਕ

3. ਕਿਸੇ ਇੱਕ ਦਾ ਕੇਂਦਰੀ ਭਾਵ ਲਿਖੋ :
ਪ੍ਰਾਹੁਣੀ, ਸਿਪਾਹੀ ਦਾ ਦਿਲ, ਮੇਰੀ ਨਹੀਂ ਪੁੱਗਦੀ। 6 ਅੰਕ

4. ਆਧੁਨਿਕ ਕਵਿਤਾ ਦੇ ਪ੍ਰਮੁੱਖ ਝੁਕਾਵਾਂ 'ਤੇ ਨੋਟ ਲਿਖੋ।

ਜਾਂ

ਪੂਰਨ ਸਿੰਘ ਦੀ ਕਾਵਿਕ-ਕਲਾ ਸੰਬੰਧੀ ਇੱਕ ਭਾਵਪੂਰਤ ਨੋਟ ਲਿਖੋ। 15 ਅੰਕ

5. **ਕਿਸੇ ਦੋ ਪ੍ਰਸ਼ਨਾਂ ਦੇ ਉੱਤਰ ਲਿਖੋ :**
(ੳ) 'ਅਮਰੀਕਾ ਵਿੱਚ ਸੜਕਾਂ ਉੱਤੇ ਚੱਲਣ ਦਾ ਸੁਚੱਜ' ਸਫ਼ਰਨਾਮੇ 'ਚ ਅਮਰੀਕਾ 'ਚ ਰਹਿੰਦੇ ਲੇਖਕ ਦੇ ਭਤੀਜੇ ਨੇ ਕਿਹੜੀ ਆਪ-ਬੀਤੀ ਘਟਨਾ ਸੁਣਾਈ ?
(ਅ) ਸੰਤੋਖ ਸਿੰਘ ਧੀਰ ਨੇ ਅੰਗਰੇਜ਼ ਇਸਤਰੀਆਂ ਬਾਰੇ ਕੀ ਵਿਚਾਰ ਪ੍ਰਗਟ ਕੀਤੇ ਹਨ ?
(ੲ) ਸਾਈਂ ਮੀਆਂ ਮੀਰ ਦੀ ਦਰਗਾਹ ਦੇ ਅੰਦਰ ਮੁਸਲਮਾਨ ਬੈਠੇ ਕੀ ਕਰਦੇ ਹਨ ?
5+5=10 ਅੰਕ

6. **ਕਿਸੇ ਇੱਕ ਸਫ਼ਰਨਾਮਾ-ਅੰਸ਼ ਦਾ ਸਾਰ ਲਿਖੋ :**
(ੳ) ਲੰਦਨ ਅਤੇ ਲੰਦਨ ਦੇ ਲੋਕ
(ਅ) ਸਾਵੇ ਮੱਘ ਤੇ ਪੌਂਗ ਡੈਮ। 15 ਅੰਕ

Downloaded from https:// www.studiestoday.com

Downloaded from https:// www.studiestoday.com



7. **ਕਿਸੇ ਦੋ ਪ੍ਰਸ਼ਨਾਂ ਦੇ ਉੱਤਰ ਲਿਖੋ :**

(ੳ) ਪੰਜਾਬੀ ਭਾਸ਼ਾ ਦੇ ਮਹੱਤਵ ਤੇ ਇਸ ਦੇ ਇਤਿਹਾਸ ਬਾਰੇ ਜਾਣਕਾਰੀ ਦਿਉ।

(ਅ) ਪੰਜਾਬੀ ਭਾਸ਼ਾ ਦੀ ਬਣਤਰ ਉੱਤੇ ਸੰਖੇਪ ਨੋਟ ਲਿਖੋ।

(ੲ) ਗੁਰਮੁਖੀ ਲਿਪੀ ਦੇ ਨਿਕਾਸ ਤੇ ਵਿਕਾਸ ਬਾਰੇ ਸੰਖੇਪ ਜਾਣਕਾਰੀ ਦਿਉ।

(ਸ) ਕੀ ਗੁਰਮੁਖੀ ਲਿਪੀ ਨੂੰ ਗੁਰੂ ਸਹਿਬ ਨੇ ਬਣਾਇਆ? ਚਰਚਾ ਕਰੋ।

5+5=10 ਅੰਕ

8. (ੳ) **ਹੇਠ ਲਿਖੇ ਸ਼ਬਦਾਂ ਵਿੱਚੋਂ ਕੋਈ ਤਿੰਨ ਦੇ ਟਕਸਾਲੀ ਰੂਪ ਲਿਖੋ :**

ਮਿੱਘੀ (ਪੋਠੋਹਾਰੀ), ਇਬ (ਪੁਆਧੀ), ਘੇ (ਪੁਆਧੀ), ਹੁਝਕਾ (ਮਲਵਈ), ਗਾੜ੍ਹੀ (ਮਾਝੀ), ਡੇਨੀਆਂ (ਮੁਲਤਾਨੀ)।

(ਅ) **ਹੇਠ ਲਿਖੇ ਸ਼ਬਦਾਂ ਵਿੱਚੋਂ ਕਿਸੇ ਤਿੰਨ ਦੇ ਉਪਭਾਸ਼ਾਈ ਰੂਪ ਲਿਖੋ :**

ਬੱਚਾ (ਪੋਠੋਹਾਰੀ), ਤਕ (ਮਾਝੀ), ਸ਼ਾਮ (ਮਲਵਈ), ਜੰਞ (ਦੁਆਬੀ), ਨਾਲ਼-ਨਾਲ਼ (ਪੁਆਧੀ), ਘਾਟ (ਮੁਲਤਾਨੀ)। 5+5=10 ਅੰਕ

Downloaded from https:// www.studiestoday.com

Downloaded from https:// www.studiestoday.com

Downloaded from https:// www.studiestoday.com